

ਸਾਹਿਤ ਪ੍ਰੇਮੀ ਸ. ਨਿਸ਼ਾਨ ਸਿੰਘ ਯੂ.ਐਸ.ਏ. ਦਾ ਸਨਮਾਨ ਕਰਦੇ ਹੋਏ ਪ੍ਰਿੰ. ਸਤਵਿੰਦਰ ਬੇਗੋਵਾਲੀਆ, ਰਤਨ ਟਾਹਲਵੀ, ਬਬਲਾ ਬੇਗੋਵਾਲ, ਮਾਸਟਰ ਨਿਸ਼ਾਨ ਸਿੰਘ, ਸੁਖਜਿੰਦਰ ਸਿੰਘ ਅਤੇ ਕੁਲਦੀਪ ਸਿੰਘ ਅਕਬਰਪੁਰ।




ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਅਦਾਰਾ ਰੂਹ ਪੰਜਾਬੀ ਨੂੰ ਸ਼ੁਭ ਇੱਛਾਵਾਂ। ਦੇਸ਼ ਵਿਦੇਸ਼ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਵਿਸਾਖੀ ਦੀਆਂ ਹਾਰਦਿਕ ਮੁਬਾਰਕਾਂ

**ਨਿਸ਼ਾਨ ਸਿੰਘ ਯੂ.ਐਸ.ਏ.**


## ਗੁਰੂ ਨਾਨਕ ਵਿਸ਼ੇਸ਼ ਅੰਕ

ਲੇਖਕ ਸਾਹਿਬਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੂਹ ਪੰਜਾਬੀ ਦਾ ਅਗਲਾ ਅੰਕ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਿਪਤ ਹੋਵੇਗਾ। ਇਸ ਅੰਕ ਵਾਸਤੇ ਗੁਰੂ ਸਾਹਿਬ ਦੀ ਸੋਚ ਅਤੇ ਫ਼ਲਸਫ਼ੇ ਨਾਲ ਸਬੰਧਤ ਰਚਨਾਵਾਂ ਨੂੰ ਪਹਿਲ ਦਿੱਤੀ ਜਾਵੇਗੀ।


ਸੰਪਾਦਕ 'ਰੂਹ ਪੰਜਾਬੀ'


satwinderbegowalia.me

ਪੰਜਾਬ ਕਲਾ ਮੰਚ ਦਾ ਤ੍ਰੈ-ਮਾਸਿਕ


# ਰੂਹ ਪੰਜਾਬੀ


ਸਹਿਯੋਗ 30/-    ਅਪ੍ਰੈਲ-ਜੂਨ 2019    21

"ਅਸੀਂ ਜੋ ਕਿ ਪੁਰਾਤਨ ਸਮੇਂ ਦੀ ਟੈਕਸਿਲਾ ਦੀ ਯੂਨੀਵਰਸਿਟੀ 'ਤੇ ਮਾਣ ਕਰਦੇ ਹਾਂ, ਅੱਜ ਸਭਿਆਚਾਰ ਤੋਂ ਬਿਲਕੁਲ ਕੋਰੇ ਬੈਠੇ ਹਾਂ ਅਤੇ ਸਭਿਆਚਾਰ ਬਣਾਉਣ ਲਈ ਉਚਕੋਟੀ ਦੇ ਸਾਹਿਤ ਦੀ ਲੋੜ ਹੈ ਅਤੇ ਅਜਿਹਾ ਸਾਹਿਤ ਇਕ ਸਾਂਝੀ ਤੇ ਉਨਤ ਬੋਲੀ ਤੋਂ ਬਗੈਰ ਨਹੀਂ ਰਚਿਆ ਜਾ ਸਕਦਾ।"

—ਭਗਤ ਸਿੰਘ

ਪੰਜਾਬ ਕਲਾ ਮੰਚ ਦਾ ਤ੍ਰੈ-ਮਾਸਿਕ

# ਰੂਹ ਪੰਜਾਬੀ

ਅੰਕ : 21 ਅਪ੍ਰੈਲ-ਜੂਨ 2019 ਸਹਿਯੋਗ 30/-

**ਸੰਪਾਦਕ**

ਸਤਵਿੰਦਰ ਬੇਗੋਵਾਲੀਆ
98154-65620

**ਸਹਿ- ਸੰਪਾਦਕ**

ਰਤਨ ਟਾਹਲਵੀ
ਰਾਮ ਲਾਲ ਭਗਤ

**ਮੁੱਖ ਸਰਪ੍ਰਸਤ**

ਡਾ. ਜਸਵੰਤ ਬੇਗੋਵਾਲ

**ਸਰਪ੍ਰਸਤ**

ਡਾ. ਕਰਮਜੀਤ ਸਿੰਘ ਨਡਾਲਾ
98151-86532
ਸੁਰਿੰਦਰ ਮਕਸੂਦਪੁਰੀ
99887-10234

**ਪ੍ਰਬੰਧਕੀ ਬੋਰਡ**

ਨਿਸ਼ਾਨ ਸਿੰਘ ਯੂ.ਐਸ.ਏ.
ਕੁਲਦੀਪ ਸਿੰਘ ਅਕਬਰਪੁਰ
ਰੰਗਕਰਮੀ ਨਿਸ਼ਾਨ ਸਿੰਘ
ਨਵਜੋਤ ਸਿੰਘ ਯੂ.ਐਸ.ਏ.

**ਕੁਆਰਡੀਨੇਟਰ**

ਦਲਜੀਤ ਸਿੰਘ ਰਤਨ
98149-44411
ਬਬਲਾ ਬੇਗੋਵਾਲ
99154-28009

## ਇਸ ਅੰਕ ਦੇ ਲੇਖਕ

**ਸੰਪਾਦਕੀ**
ਪ੍ਰੋ. ਸਤਵਿੰਦਰ ਬੇਗੋਵਾਲੀਆ
**ਲਘੂ ਨਾਟਕ**
ਸਤਵਿੰਦਰ ਬੇਗੋਵਾਲੀਆ
**ਨਿਬੰਧ**
ਦਲਜੀਤ ਸਿੰਘ ਰਤਨ, ਸੁਖਚੈਨ ਸਿੰਘ ਭੰਡਾਰੀ
**ਮਿੰਨੀ ਕਹਾਣੀਆਂ**
ਮਨਪ੍ਰੀਤ ਕੌਰ ਭਾਟੀਆ,ਕਰਮਵੀਰ ਸਿੰਘ ਸੂਰੀ, ਰਘਬੀਰ ਸਿੰਘ ਮਹਿਮੀ, ਭੀਮ ਸਿੰਘ ਗਰਚਾ
**ਕਾਵਿ ਸੰਸਾਰ**
ਡਾਕਟਰ ਧਰਮ ਚੰਦ ਵਾਤਿਸ਼, ਪ੍ਰੋ. ਕੁਲਵੰਤ ਔਜਲਾ, ਰਤਨ ਟਾਹਲਵੀ, ਸੁਖਦੇਵ ਸਿੱਧੂ, ਮਲਕੀਤ ਦਰਦੀ, ਸੁਰਿੰਦਰ ਮਕਸੂਦਪੁਰੀ, ਸੁਰਜੀਤ ਦੇਵਲ, ਪ੍ਰਸ਼ੋਤਮ ਪੱਤੋ, ਰਾਜਿੰਦਰ ਵਰਮਾ, ਸਰਦਾਰ ਪੰਛੀ, ਸ਼ਰਨਜੀਤ ਕੌਰ ਨਿਜ਼ਾਮਪੁਰ
**ਗ਼ਜ਼ਲ ਸੱਥ**
ਗੁਰਭਜਨ ਗਿੱਲ, ਬਲਬੀਰ ਸਿੰਘ ਸੈਣੀ, ਜਨਕਪ੍ਰੀਤ ਬੇਗੋਵਾਲ, ਪ੍ਰੋ. ਜਸਵੰਤ ਸਿੰਘ ਕੈਲਵੀ, ਭਜਨ ਸਿੰਘ ਵਿਰਕ, ਪ੍ਰਤਾਪ ਪਾਰਸ ਗੁਰਦਾਸਪੁਰੀ
**ਗੀਤ ਸੰਸਾਰ**
ਬਬਲਾ ਬੇਗੋਵਾਲ, ਜਗਜੀਤ ਸਿੰਘ ਗੁਰਮ, ਪ੍ਰਿੰ. ਸੁਖਬੀਰ ਸਿੰਘ ਨੂਰ, ਪ੍ਰਿੰ., ਨਵਰਾਹੀ ਘੁਗਿਆਣਵੀ,
**ਪੁਸਤਕ ਸਮੀਖਿਆ**
ਡਾ. ਜਗੀਰ ਸਿੰਘ ਨੂਰ, ਤੇਜਵੰਤ ਮਾਨ, ਸਤੀਸ਼ ਕੁਮਾਰ ਵਰਮਾ, ਜੁਗਿੰਦਰ ਸਿੰਘ 'ਫੁੱਲ'

ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ।
ਸੰਪਾਦਕੀ ਮੰਡਲ ਦੇ ਸਾਰੇ ਵਿਅਕਤੀ ਆਨਰੇਰੀ ਤੌਰ 'ਤੇ ਕੰਮ ਕਰਦੇ ਹਨ।
ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।

**ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ**

* ਸਤਵਿੰਦਰ ਬੇਗੋਵਾਲੀਆ, ਵਾਰਡ ਨੰ. 2,
ਟਾਂਡਾ ਰੋਡ ਬੇਗੋਵਾਲ (ਕਪੂਰਥਲਾ)-144621
Email : daljit44411@yahoo.co.in

## ਪਾਠਕ ਦਰਪਣ

ਮੁੱਖ ਸੰਪਾਦਕ ਸਤਵਿੰਦਰ ਜੀ,

ਜੈ ਸਾਹਿਤ। 'ਰੂਹ ਪੰਜਾਬੀ' ਲਗਾਤਾਰ ਡਾਕ ਰਾਹੀਂ ਮਿਲ ਰਿਹਾ ਹੈ। ਸੰਪਾਦਕੀ 'ਖਾਲੀ ਹੋ ਰਿਹੈ ਪੰਜਾਬ' ਅਤੇ ਸਾਰਾ ਹੀ ਮੈਟਰ ਆਪ ਜੀ ਦੀ ਮਿਹਨਤ ਸਦਕਾ ਬਹੁਤ ਵਧੀਆ ਹੁੰਦਾ ਹੈ। "ਰੂਹ ਪੰਜਾਬੀ' ਲਈ ਸਹਿਯੋਗ ਜਾਰੀ ਰਹੇਗਾ। ਧੰਨਵਾਦ ਸਹਿਤ ਮਿਤੀ 11-03-19

**ਪ੍ਰਸ਼ੋਤਮ ਪੱਤੋ, 98550-38775**

☆ ☆ ☆

ਸਤਿਕਾਰਯੋਗ ਬੇਗੋਵਾਲੀਆ ਜੀ,

ਨਮਸਕਾਰ ਜੀ। ਤੁਹਾਡੀ ਸੁਹਿਰਦ ਸੋਚ ਅਤੇ ਇਮਾਨਦਾਰੀ ਸਦਕਾ 'ਰੂਹ ਪੰਜਾਬੀ' ਦੇ ਟਾਈਟਲ ਪੰਨੇ ਤੋਂ ਸ਼ੁਰੂ ਹੋ ਕੇ ਆਖਰੀ ਸਫ਼ੇ ਤੱਕ ਦਾ ਸਮੁੱਚਾ ਮੈਟਰ ਰੌਚਿਕ ਹੈ।

**-ਕੁਲਦੀਪ ਸਿੰਘ ਅਕਬਰਪੁਰ (ਕਪੂਰਥਲਾ)**

☆ ☆ ☆

ਭਾਜੀ ਸਤਵਿੰਦਰ ਬੇਗੋਵਾਲੀਆ ਜੀ,

ਸਤਿ ਸ੍ਰੀ ਅਕਾਲ।

ਜਨਵਰੀ-ਮਾਰਚ 2019 ਦੇ 'ਰੂਹ ਪੰਜਾਬੀ' ਦਾ ਅੰਕ ਮਿਲਿਆ। ਟਾਈਟਲ ਪੰਨੇ ਤੇ ਪ੍ਰੋ. ਕੁਲਵੰਤ ਔਜਲਾ ਦੀਆਂ ਕਾਵਿਕ ਸਤਰਾਂ ਚੰਗੀਆਂ ਲੱਗੀਆਂ। ਪ੍ਰੋ. ਜਸਵੰਤ ਸਿੰਘ ਕੈਲਵੀ ਦੇ ਵਿਅੰਗ ਚੌਕੇ ਸਮੇਤ ਸਾਰੀਆਂ ਕਾਵਿ ਰਚਨਾਵਾਂ, ਤੁਹਾਡਾ ਨਾਟਕ ਇਲੈਕਸ਼ਨ, ਡਾ. ਕਰਮਜੀਤ ਨਡਾਲਾ ਦਾ ਸੈਰ ਸਫ਼ਰ, ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦਾ ਨਿਬੰਧ ਆਦਿ ਸਭ ਪੜਨਯੋਗ ਹਨ। ਡਾ. ਧਰਮ ਚੰਦ ਵਾਤਿਸ਼ ਨਾਲ ਇੰਟਰਵਿਊ ਖੋਜ ਕਰਨ ਵਾਲੇ ਵਿਦਿਆਰਥੀਆਂ ਲਈ ਅਹਿਮ ਦਸਤਾਵੇਜ਼ ਹੈ.

**-ਮਾਸਟਰ ਨਿਸ਼ਾਨ ਸਿੰਘ**
**ਸ. ਮਿ. ਸ. - ਬੱਲੋਚੱਕ (ਕਪੂਰਥਲਾ)**

☆ ☆ ☆

ਪਿਆਰੇ ਸਤਵਿੰਦਰ,

ਸਤਿ ਸ੍ਰੀ ਅਕਾਲ, ਰੂਹ ਪੰਜਾਬੀ ਅੰਕ ਨੰਬਰ 20 ਮਿਲ ਗਿਆ ਹੈ. ਤੇਰਾ ਲਘੂ ਨਾਟਕ 'ਇਲੈਕਸ਼ਨ' ਕਿਸ਼ਨ ਨੰਬਰ 2 ਪੜ੍ਹਕੇ ਬਹੁਤ ਅਨੰਦਿਤ ਹੋਇਆ ਹਾਂ। ਨਾਟ-ਸੰਗ੍ਰਹਿ **'ਮੈਂ ਪੰਜਾਬਣ ਹਾਂ'** ਦੇ ਰਿਲੀਜ਼ ਸਮਾਗਮ ਦੀ ਵਧਾਈ!

ਨਿੱਘੇ ਪਿਆਰ ਨਾਲ

**ਹਿਤੂ**
**ਪ੍ਰੋ. ਜਸਵੰਤ ਸਿੰਘ ਕੈਲਵੀ**

☆ ☆ ☆

ਪ੍ਰਿੰ. ਸਤਵਿੰਦਰ ਬੇਗੋਵਾਲੀਆ ਜੀ

ਰੂਹ-ਪੰਜਾਬੀ ਦਾ ਜਨਵਰੀ-ਮਾਰਚ 2019 ਅੰਕ ਪ੍ਰਾਪਤ ਹੋਇਆ, ਜਿਸ ਲਈ ਧੰਨਵਾਦੀ ਹਾਂ। ਪਰਚਾ ਸੁੰਦਰ ਤੇ ਮੈਟਰ ਭਾਵਪੂਰਤ ਹੈ। ਕਾਫ਼ੀ ਸੂਝਵਾਨ ਲੇਖਕਾਂ ਦਾ ਸਹਿਯੋਗ ਤੁਹਾਨੂੰ ਪ੍ਰਾਪਤ ਹੈ। ਅਸਲ ਵਿੱਚ ਸਹਿਯੋਗ ਹਾਸਿਲ ਕਰਨ ਲਈ ਪ੍ਰਾਪਤ-ਕਰਤਾ ਦੀ ਲਿਆਕਤ ਹੀ ਕੰਮ ਕਰਦੀ ਹੈ।

ਹੋਰ ਵੀ ਚੰਗਾ ਹੁੰਦਾ ਜੇ ਪਰਚੇ ਦਾ ਨਾਂ "ਰੂਹ ਪੰਜਾਬ" ਹੋ ਜਾਂਦਾ। ਸ਼ਾਇਦ ਤੁਹਾਡੀ ਕੋਈ ਟੈਕਨੀਕਲ ਮਜਬੂਰੀ ਹੋਵੇ। ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੇ ਕੁਝ ਹੋਰ ਲੇਖਕਾਂ ਨੂੰ ਵੀ ਪਰਚੇ ਦਾ ਸਿਰਨਾਵਾਂ ਲਿਖਵਾ ਦਿਆਂਗਾ। ਜੇ ਲੋੜ ਸਮਝਣਗੇ ਤਾਂ ਮੈਟਰ ਵੀ ਭੇਜ ਦੇਣਗੇ।

**ਨਵਰਾਹੀ ਘੁਗਿਆਣਵੀ**

☆ ☆ ☆

*ਸੰਪਾਦਕੀ*

# ਚੌਥਾ ਥੰਮ ਕਿਧਰ ਨੂੰ?

ਅਜੋਕੇ ਯੁੱਗ ਵਿੱਚ ਮੀਡੀਏ ਦੀ ਵਿਲੱਖਣ ਥਾਂ ਸਮਝੀ ਜਾਂਦੀ ਹੈ। ਇਸ ਨੂੰ ਲੋਕਤੰਤਰ ਦਾ ਚੌਥਾ ਥੰਮ ਹੋਣ ਦਾ ਮਾਣ ਪ੍ਰਾਪਤ ਹੈ। ਲੋਕ ਆਪਣੀ ਆਵਾਜ਼ ਨੂੰ ਬਾਕੀ ਦੁਨੀਆਂ ਤੱਕ ਪਹੁੰਚਾਉਣ ਲਈ ਸਭ ਤੋਂ ਢੁਕਵਾਂ ਜ਼ਰੀਆ ਮੀਡੀਏ ਨੂੰ ਹੀ ਮੰਨਦੇ ਹਨ। ਲੋਕਾਂ ਦੇ ਮੁਢਲੇ ਅਧਿਕਾਰਾਂ ਦੀ ਰੱਖਿਆ ਕਰਨਾ, ਲੋਕਾਂ ਦੀ ਮੁਢਲੀਆਂ ਲੋੜਾਂ ਜਾਂ ਥੁੜਾਂ ਨੂੰ ਉਭਾਰਨਾ ਅਤੇ ਮਾਨਵੀ ਹੱਕਾਂ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਦੀਆਂ ਤਾਨਾਸ਼ਾਹੀ ਨੀਤੀਆਂ ਖਿਲਾਫ਼ ਆਵਾਜ਼ ਬੁਲੰਦ ਕਰਨਾ ਮੀਡੀਏ ਦੀ ਪ੍ਰਮੁੱਖਤਾ ਰਹੀ ਹੈ। ਇਹੋ ਕਾਰਨ ਹੈ ਕਿ ਲੋਕ ਸਵੇਰ ਦੀ ਰੋਟੀ ਖਾਣ ਤੋਂ ਪਹਿਲਾਂ ਪ੍ਰਿੰਟ ਮੀਡੀਏ ਦੀ ਵੰਨਗੀ ਅਖ਼ਬਾਰਾਂ ਪੜ੍ਹਨ ਨੂੰ ਆਪਣੀ ਪਹਿਲੀ ਜ਼ਰੂਰਤ ਮਹਿਸੂਸ ਕਰਦੇ ਰਹੇ ਹਨ।

ਪਹਿਲਾਂ ਲੋਕ ਪ੍ਰਿੰਟ ਮੀਡੀਏ ਤੱਕ ਹੀ ਸੀਮਤ ਸਨ। ਅਖ਼ਬਾਰਾਂ ਅਤੇ ਰਸਾਲੇ ਲੋਕਾਂ ਦੇ ਹੱਥਾਂ ਵਿੱਚ ਪਹੁੰਚਦੇ, ਲੋਕ ਇਹਨਾਂ ਵਿਚਲੀ ਸਮਗਰੀ ’ਤੇ ਵਿਚਾਰ ਚਰਚਾ ਜਾਂ ਬਹਿਸ ਆਦਿ ਵੀ ਕਰਦੇ। ਅਖ਼ਬਾਰਾਂ ਵੀ ਆਪਣੀ ਜ਼ਿੰਮੇਵਾਰੀ ਨੂੰ ਸੁਹਿਰਦਤਾ ਸਹਿਤ ਨਿਭਾਉਂਦੀਆਂ। ਫਿਰ ਅਜਿਹਾ ਦੌਰ ਆਇਆ ਕਿ ਅਖਬਾਰੀ ਜਗਤ ਵੀ ਧੜੇਬਾਜ਼ੀ ਦਾ ਸ਼ਿਕਾਰ ਹੋ ਗਿਆ। ਇਸ ਤੋਂ ਬਾਅਦ ਇਲੈਕਟ੍ਰੋਨਿਕ ਮੀਡੀਏ ਨੇ ਦਸਤਕ ਦਿੱਤੀ। ਸ਼ੁਰੂਆਤੀ ਦੌਰ ਵਿੱਚ ਗਿਣਤੀ ਦੇ ਹੀ ਚੈਨਲ ਸਨ ਪਰ ਇਹਨਾਂ ਥੋੜੇ ਜਿਹੇ ਚੈਨਲਾਂ ਨੇ ਜਿੱਥੇ ਮਿਆਰੀ ਪ੍ਰੋਗਰਾਮਾਂ ਦਾ ਪ੍ਰਸਾਰਨ ਕੀਤਾ ਉਥੇ ਨਿਰਪੱਖਤਾ ਸਹਿਤ ਕਾਰਜ ਕਰ ਕੇ ਹਰਮਨ ਪਿਆਰਤਾ ਵੀ ਖੱਟੀ। ਪਿਛਲੇ ਦਹਾਕੇ ਵਿੱਚ ਚੈਨਲਾਂ ਦਾ ਅਜਿਹਾ ਹੜ੍ਹ ਆਇਆ ਕਿ ਮਹਾਂਨਗਰਾਂ ਦੇ ਨਾਲ ਨਾਲ ਹਰ ਨਗਰ ਅਤੇ ਪਿੰਡਾਂ ਤੱਕ ਵੀ ਚੈਨਲ-ਟੀਮਾਂ ਪਹੁੰਚ ਗਈਆਂ। ਫ਼ਿਲਮੀ ਚੈਨਲ, ਧਾਰਮਿਕ ਚੈਨਲ, ਸਪੋਰਟਸ ਚੈਨਲ ਅਤੇ ਨਿਊਜ਼ ਚੈਨਲ ਆਦਿ ਨੇ ਆਪਣਾ ਅਲੱਗ ਦਰਸ਼ਕ ਵਰਗ ਆਪਣੇ ਨਾਮ ਕਰ ਲਿਆ। ਉਪਰੋਕਤ ਵਿੱਚੋਂ ਸਮਾਜ ਦਾ ਵੱਡਾ ਹਿਸਾ ਨਿਊਜ਼ ਚੈਨਲਾਂ ਤੋਂ ਲਾਂਭੇ ਜਾ ਹੀ ਨਹੀਂ ਸਕਦਾ। ਵਿਸ਼ਵੀਕਰਨ ਦੇ ਦੌਰ ਵਿੱਚ ਜਦ ਵਿਸ਼ਵ ਇਕ ਗਲੋਬਲ (ਪਿੰਡ) ਬਣ ਚੁੱਕਾ ਹੈ, ਨਿਊਜ਼ ਚੈਨਲਾਂ ਦੀ ਅਹਿਮੀਅਤ ਹੋਰ ਵੀ ਵੱਧ ਗਈ। ਫਿਰ ਇਹਨਾਂ ਨਿਊਜ਼ ਚੈਨਲਾਂ ਦਾ ਵਪਾਰੀਕਰਨ ਹੋ ਗਿਆ, ਖ਼ਬਰਾਂ ਪੱਖਪਾਤੀ ਰੂਪ ਧਾਰਨ ਕਰ ਗਈਆਂ। ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਵਾਸਤੇ ਘਟੀਆ ਹੱਥਕੰਡੇ ਅਪਣਾਏ ਜਾ ਰਹੇ ਹਨ ਤਾਂ ਕਿ ਕਿਸੇ ਵਿਸ਼ੇਸ਼ ਵਿਅਕਤੀ ਭਾਵ ਆਪਣੇ ਬਾਸ ਨੂੰ ਲੋਕਾਂ ਦੇ ਨਾਇਕ ਵਜੋਂ ਪੇਸ਼ ਕੀਤਾ ਜਾ ਸਕੇ। ਕਿਸੇ ਨਾਰਮਲ ਖ਼ਬਰ ਨੂੰ ਵੀ ਸਨਸਨੀਖੇਜ਼ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਅਤੇ ਇਸ ਨੂੰ ਵਾਰ ਵਾਰ ਬ੍ਰੇਕਿੰਗ ਨਿਊਜ਼ ਦਾ ਨਾਂ ਦਿੱਤਾ ਜਾ ਰਿਹਾ ਹੈ। ਦ੍ਰਿਸ਼ਾਂ ਨੂੰ ਇੰਜ ਪੇਸ਼ ਕੀਤਾ ਜਾਂਦਾ ਹੈ ਜਿਵੇਂ ਕੋਈ ਯੁੱਧ ਹੋ ਰਿਹਾ ਹੋਵੇ। ਨਤੀਜੇ ਵਜੋਂ ਪਰੋਸੇ ਹੋਏ ਝੂਠ ਮੂਹਰੇ ਸਚਾਈ ਖੰਭ ਲਾ ਕੇ ਉੱਡ ਪੁੱਡ ਜਾਂਦੀ ਹੈ। ਜਿੱਥੇ ਮੀਡੀਏ ਦਾ ਫਰਜ਼ ਸੱਚ ਨੂੰ ਵਿਖਾਉਣਾ ਹੋਵੇ, ਉਹੀ ਮੀਡੀਆ ਸੱਚ ਨੂੰ ਲੁਕਾਉਣਾ ਸ਼ੁਰੂ ਕਰ ਦੇਵੇ ਤਾਂ ਤ੍ਰਾਸਦੀ ਹੀ ਉਤਪੰਨ ਹੋਵੇਗੀ। ਵੱਡੀ ਗਿਣਤੀ ਵਿੱਚ ਅਜਿਹੇ ਚੈਨਲ ਆਦਰਸ਼ਵਾਦੀ ਹੋਣ ਦੀ ਬਜਾਏ ‘ਚੁਗਲੀ ਚੈਨਲ’ ਬਣ ਕੇ ਰਹਿ ਗਏ ਹਨ।

ਅਖ਼ਬਾਰਾਂ ਵਿੱਚ ਵੀ ‘ਪੇਡ ਨਿਊਜ਼’ਦਾ ਰੁਝਾਣ ਬੇਰੋਕ ਜਾਰੀ ਹੈ। ਚੋਣਾਂ ਦੇ ਦਿਨਾਂ ਦੌਰਾਨ ਪੈਸਾ ਇਕ ਵੱਡਾ ਖਿਡਾਰੀ ਬਣ ਕੇ ਹਾਜ਼ਰ ਹੁੰਦਾ ਹੈ ਅਤੇ ਰਾਜਸੀ ਵਿਰੋਧੀਆਂ ਨੂੰ ਚਿੱਤ ਕਰ ਦਿੰਦਾ ਹੈ। ਕਾਲਮਨਵੀਸ ਕਿਸੇ ਰੈਸਟੋਰੈਂਟ ਵਿੱਚ ਟੇਬਲ ਤੇ ਬੈਠਾ ਬੈਠਾ ਕਿਸੇ ਨੂੰ ਜਿਤਾ ਦਿੰਦਾ ਹੈ ਅਤੇ ਹੋਰਨਾਂ ਨੂੰ ‘ਪੇਪਰ ਟਾਈਗਰ’ ਸਿੱਧ ਕਰ ਵਿਖਾਉਂਦਾ ਹੈ। ਅਜਿਹੀ ਚੱਕਰਵਿਊ ਸਥਿਤੀ ਲੋਕਤੰਤਰ ਵਿੱਚ ਲੋਕਾਂ ਨਾਲ ਇਸ ਤੋਂ ਵੱਡਾ ਮਜ਼ਾਕ ਹੋਰ ਕੀ ਕਰ ਸਕਦੀ ਹੈ? ਇਸੇ ਕਾਰਨ ਵੱਡੀ ਗਿਣਤੀ ਵਿੱਚ ਲੋਕ ਸੋਸ਼ਿਲ ਮੀਡੀਏ ਨਾਲ ਜੁੜ ਰਹੇ ਹਨ ਪਰ ਉਥੇ ਵੀ ਰਾਜਨੀਤੀ ਦੇ ਮਾਹਿਰ ਆਪਣੀਆਂ ਸਫ਼ਾ/ਧੜੇ ਕਾਇਮ ਕਰਨ ਵਿੱਚ ਸਫ਼ਲ ਹੋ ਗਏ ਹਨ। ਅੱਜ ਲੋਕਤੰਤਰ ਦਾ ਚੌਥਾ ਥੰਮ ਹਿਲਾ ਰਿਹਾ ਪ੍ਰਤੀਤ ਹੁੰਦਾ ਹੈ।

**-ਸਤਵਿੰਦਰ ਬੇਗੋਵਾਲੀਆ**

◆◆◆

**ਰੂਹ ਪੰਜਾਬੀ ਨੂੰ ਵੈਬਸਾਈਟ ’ਤੇ ਪੜ੍ਹਣ ਲਈ ਕਲਿੱਕ ਕਰੋ**
**satwinder begowalia.me**

*ਤੀਜੀ ਅਤੇ ਆਖ਼ਰੀ ਕਿਸ਼ਤ*

# ਲਘੂ ਨਾਟਕ ਇਲੈਕਸ਼ਨ

-ਸਤਵਿੰਦਰ ਬੇਗੋਵਾਲੀਆ

## ਦ੍ਰਿਸ਼ ਤਿੰਨ



ਸਥਾਨ : ਧੰਨਾ ਸਿੰਘ ਦੇ ਘਰ ਦਾ ਵਿਹੜਾ। ਦੋ ਮੰਜੀਆਂ ਅਤੇ ਕੋਲ ਹੀ ਇੱਕ ਪੁਰਾਣਾ ਜਿਹਾ ਲੱਕੜ ਦਾ ਮੇਜ਼ ਨਜ਼ਰ ਆਉਂਦਾ ਹੈ।

ਧੰਨਾ : (ਆਪਣੇ ਆਪ ਵਿੱਚ) ਪਰਸੂ, ਪਰਸਾ, ਪਰਸਰਾਮ.... ਇਹ ਨਾਂ ਮਾਇਆ ਦੀ ਖੇਡ ਨੇ ਹੀ ਬਣਾਏ ਨੇ। ਅਮਰੂ ਕੋਲ ਡਾਲਰ ਨੇ, ਮੇਰੇ ਪਾਸ ਰੁਪਏ ਉਹ ਵੀ ਗਿਣੇ ਚੁਣੇ। ਡਾਲਰ ਸਾਹਮਣੇ ਰੁਪਿਆ ਕੀ? ਬੌਣਾ ਏ ਬੌਣਾ.... ਮੇਰਾ ਵੀ ਕੋਈ ਮੁੰਡਾ ਅਮਰੀਕਾ ਗਿਆ ਹੁੰਦਾ ਤਾਂ ਡਾਲਰ ਭੇਜਦਾ..... ਫਿਰ ਵੇਖਦੇ ਲੋਕ ਡਾਲਰਾਂ ਦਾ ਮੁਕਾਬਲਾ........(ਗੁੱਸੇ ਵਿੱਚ) ਮੈਂ ਪੂਛਾਂ ਚੁੱਕਾ ਦਿੰਦਾ ਪਰ ਹੁਣ ....ਸਾਰੀ ਖੇਡ ਹੀ ਪੁੱਠੀ ਹੋ ਗਈ.....(ਚੀਖਦਾ ਹੋਇਆ) ਇਹ ਡਾਲਰ ਮੈਨੂੰ ਖਾ ਜਾਣਗੇ। (ਧੰਨਾ ਸਿੰਘ ਦਾ ਵਫ਼ਾਦਾਰ ਕੰਮੀ ਅਤਰੂ ਆਉਂਦਾ ਹੈ)

ਅਤਰੂ : ਸਰਪੰਚਾ, ਆਪਣੇ ਨਾਲ ਈ ਗੱਲਾਂ ਕਰੀ ਜਾਂਦੈ।

ਧੰਨਾ : ਆ ਅਤਰੂ, ਦਿਲ ਕਾਹਲਾ ਪੈਂਦਾ ਪਿਆ ਸੀ। ਤੇਰੇ ਆਇਆਂ ਕੁਝ ਧਰਵਾਸ ਮਿਲ ਜਾਏਗਾ ਦਿਲ ਨੂੰ। ਹੋਰ ਪਿੰਡ ਦਾ ਸੁਣਾ ਕਿਵੇਂ ਸੋਚਦੇ ਨੇ ਲੋਕ?

ਅਤਰੂ : ਲੈਕਸ਼ਨ ਦਾ?

ਧੰਨਾ : ਹਾਂ ਹਾਂ, ਲੋਕਾਂ ਦੀ ਵਾਜ ਕਿਧਰ ਨੂੰ?

ਅਤਰੂ : ਸਰਪੰਚਾਂ, ਚੰਦਰੀ ਹਵਾ ਈ ਬਦਲੀ ਫਿਰਦੀ ਏ ਐਤਕਾਂ। ਸਰਪੰਚਾਂ, ਵਕਤ ਬਦਲ ਗਿਐ। ਭਲੇ ਸਮੇਂ ਈ ਨਹੀਂ ਰਹੇ ਜਦ ਸਿਆਣਿਆਂ ਦੀ ਗੱਲ ਦੀ ਕਦਰ ਪੈਂਦੀ ਸੀ। ਅਸੂਲ ਸਨ ਉਹਨਾਂ ਲੋਕਾਂ ਦੇ ਤੇ ਹੁਣ.... ਉਲਟੀ ਗੰਗਾ ਚੱਲਣ ਲੱਗ ਪਈ ਏ.....।



(ਚੇਤੂ ਅਤੇ ਰੱਤੂ ਆਉਂਦੇ ਹਨ)

ਚੇਤੂ : ਸਰਪੰਚ ਸਾਹਿਬ, ਸਾਨੂੰ ਕਿਵੇਂ ਯਾਦ ਕੀਤੈ?

ਧੰਨਾ : ਆਪਣਿਆਂ ਨੂੰ ਈ ਯਾਦ ਕੀਤਾ ਜਾਂਦੈ, ਜਿਹਨਾਂ ਤੇ ਮਾਣ ਹੁੰਦੈ। ਤੁਹਾਨੂੰ ਪਤੈ ਇਲੈਕਸ਼ਨ ਦਾ....

ਰੱਤੂ : ਸਰਪੰਚ ਸਾਹਿਬ, ਅਮਰ ਸਿੰਘ ਦੇ ਘਰ ਤਾਂ ਮੇਲਾ ਲੱਗਾ ਰਹਿੰਦੈ ਦਿਨ ਚੜ੍ਹਦੇ ਤੋਂ ਰਾਤ ਪੈਣ ਤੱਕ। ਸ਼ਰਾਬ, ਮੀਟ, ਮੱਛੀ ਤੇ ਹੋਰ ਵੀ....

ਧੰਨਾ : ਹੋਰ ਕੀ?

ਰੱਤੂ : ਨੋਟਾਂ ਦੀ ਬਰਸਾਤ ਕਰੀ ਜਾਂਦੈ 'ਸਰਦਾਰ' ਅਮਰ ਸਿੰਘ।

ਧੰਨਾ : ਸਰਦਾਰ?

ਚੇਤੂ : ਨਵੇਂ ਤੋਂ ਨਵਾਂ ਸੂਟ ਪਾਉਂਦੈ ਅਗਲਾ। ਪੱਗ ਦਾ ਟੌਹਰ ਵੀ ਵੇਖਣ ਵਾਲੈ.....

ਰੱਤੂ : ਉਹ ਤਾਂ ਬਾਦਸ਼ਾਹ ਬੰਦੈ ਬਾਦਸ਼ਾਹ।

ਅਤਰੂ : ਉਹਦੇ ਕੋਲ ਨੋਟ ਆ ਗਏ, ਅਕਲ ਤਾਂ ਨਹੀਂ ਆ ਗਈ। ਸਰਪੰਚ ਨੇ ਸਾਰੇ ਪਿੰਡ ਦਾ ਭਲਾ ਕੀਤੈ ਪੂਰੇ ਤੀਹ ਸਾਲ। ਸਾਡੇ ਤੁਹਾਡੇ ਕੰਮ ਕਰਾਏ ਸਰਕਾਰੇ ਦਰਬਾਰੇ। ਬੱਸ ਦੀ ਟਿਕਟ ਦਾ ਵੀ ਪੈਸਾ ਖਰਚਾਇਆ ਕਦੇ?

ਧੰਨਾ : ਅਤਰੂ ਠੀਕ ਕਹਿੰਦੈ। ਕੋਈ ਬੰਦਾ ਬੋਲੇ ਪਿੰਡ ਚੋਂ ਕਿਸੇ ਕੋਲੋਂ ਕਦੇ ਕੁੱਝ ਖਾਧਾ ਹੋਵੇ।

ਰੱਤੂ : ਪਰ ਲੋਕ ਭੁੱਲ ਜਾਂਦੇ ਨੇ ਸਰਪੰਚਾ।

ਚੇਤੂ : ਪੁਰਾਣੀਆਂ ਗੱਲਾਂ ਕੌਣ ਯਾਦ ਰੱਖਦੈ। ਬੜੇ ਕੁੱਤੇ ਲੋਕ ਨੇ।

ਧੰਨਾ : ਤੁਸੀਂ ਤਾਂ ਮੇਰੇ ਨਾਲ ਹੋ ਨਾ?

ਰੱਤੂ : ਨਾਲ ਤਾਂ ਹਾਂ..... ਵੋਟ ਪਾ ਦਿਆਂਗੇ ਪਰ ਸਾਨੂੰ ਨੰਗੇ ਨਾ ਕਰੀਂ।

ਚੇਤੂ : ਸਾਨੂੰ ਗੁਪਤ ਰੱਖੀਂ ਸਰਪੰਚਾ, ਅਮਰ ਸਿੰਘ ਨਾਲ ਵਿਗਾੜਣ ਤਾਂ ਨਹੀਂ ਹੁੰਦੀ। ਸਾਰੇ ਲੋਕ ਸ਼ਾਮ ਨੂੰ ਪੀਂਦੇ ਖਾਂਦੇ ਨੇ। ਸਾਨੂੰ ਵੀ ਸੱਦ ਲੈਂਦੇ ਨੇ ਉਥੇ, ਕੀ ਕਰੀਏ......

ਅਤਰੂ : ਸਰਪੰਚਾ, ਛੱਡ ਦੇ ਆਸ ਇਹਨਾਂ ਤੋਂ, ਇਹ ਵੀ ਤਾਂ ਮੰਡੀ ਦਾ ਮਾਲ ਈ ਹੋ ਗਏ।

ਚੇਤੂ : ਅਤਰੂ ਜ਼ੁਬਾਨ ਸੰਭਾਲ ਕੇ ਬੋਲ। ਉਹਨਾਂ ਨੂੰ ਪੁੱਛੋ ਜਿਹੜੇ ਇੱਕ ਇਕ ਵੋਟ ਦਾ ਪੰਜ ਪੰਜ ਹਜ਼ਾਰ ਮੰਗਦੇ ਪਏ ਨੇ। ਅਮਰ ਸਿੰਘ ਦੇਣ ਲਈ ਵੀ ਤਿਆਰ ਏ।

ਧੰਨਾ : ਪੰਜ ਪੰਜ ਹਜ਼ਾਰ 'ਚ ਵਿਕੇਗੀ ਵੋਟ?

ਰੱਤੂ : ਹੋਰ ਕੀ, ਕਿਹੜੀ ਦੁਨੀਆਂ 'ਚ ਤੁਰਿਆ ਫਿਰਦੈਂ। ਜ਼ਮਾਨਾ ਬਦਲ ਗਿਐ।

ਆਵਾਜ਼ਾਂ : * ਅਮਰ ਸਿੰਘ ਸਰਪੰਚ ਜਿੰਦਾਬਾਦ।
* ਜਿੰਦਾਬਾਦ ਜਿੰਦਾਬਾਦ
* ਧੰਨਾ ਸਿੰਘ ਮੁਰਦਾਬਾਦ।
* ਮੁਰਦਾਬਾਦ ਮੁਰਦਾਬਾਦ।

ਚੇਤੂ : ਸੁਣ ਲੈ ਸਰਪੰਚਾ ਆਪਣੇ ਕੰਨੀਂ। (ਰੱਤੂ ਨੂੰ) ਰੱਤੂ, ਆ ਚਲੀਏ। ਸਾਹਨਾਂ ਦੇ ਭੇੜ 'ਚ ਅਸਾਂ ਕੀ ਲੈਣੈ।

ਧੰਨਾ : ਜ਼ਰਾ ਰੁੱਕ ਜਾਓ। ਮੇਰੀ ਗੱਲ ਤਾਂ......

ਚੇਤੂ : ਅਸੀਂ ਕਿਉਂ ਸਹੇੜੀਏ ਆਫਤ ਇਥੇ ਰੁੱਕ ਕੇ। ਹੂੰਅ, ਡੁੱਬਦਾ ਸੂਰਜ ( ਚੇਤੂ ਅਤੇ ਰੱਤੂ ਚਲੇ ਜਾਂਦੇ ਹਨ)

ਅਤਰੂ : ਹੂੰ, ਭੇਡਾਂ ਬੱਕਰੀਆਂ। ਇਹ ਕੋਈ ਬੰਦੇ ਨੇ? ਪੰਜ ਪੰਜ ਹਜ਼ਾਰ ਲੈਣਗੇ ਇੱਕ ਇੱਕ ਵੋਟ ਦਾ ਤੇ ਪੰਜ ਸਾਲ ਛਿੱਤਰ ਵੀ ਰੱਜ ਕੇ ਖਾਣਗੇ।

ਧੰਨਾ : ਅਤਰੂ, ਇਕ ਫੁਰਨਾ ਫਰਿਐ।

ਅਤਰੂ : ਫੁਰਨਾ? ਕਿਹੜਾ ਫੁਰਨਾ ਫ਼ੁਰ ਗਿਐ ਸਰਪੰਚਾ?

ਧੰਨਾ : ਵੋਟਰ ਵਿਕਦੈ ਪਿਐ। ਜੇ ਮੈਂ ਪਿੰਡ ਦੇ ਕੋਲ ਦੀ ਦੋ ਕਿਲੇ ਪੈਲੀ ਵੇਚ ਦਿਆਂ। ਪੂਰਾ ਕਰੋੜ ਮੇਰੀ ਜੇਬ 'ਚ ਹੋਏਗਾ ਤੇ ਮੈਂ ਕਿਵੇਂ ਭਜਾਵਾਂਗਾ ਵੱਟੋ ਵੱਟ ਅਮਰੂ ਨੂੰ। ਤੇਰੀ ਕੀ ਸਲਾਹ ਏ?

ਅਤਰੂ : ਸਰਪੰਚੀ ਕਰੋੜ ਤੱਕ ਪਹੁੰਚ ਗਈ ਏ?

ਧੰਨਾ : ਹੋਰ ਕੀ।

ਅਤਰੂ : ਸਰਪੰਚਾ, ਕਿੰਨੇ ਸਾਲ ਕੀਤੀ ਸਰਪੰਚੀ?

ਧੰਨਾ : ਪੂਰੇ ਤੀਹ ਸਾਲ, ਹੋਰ ਪੰਜ ਸਾਲ ਵੀ ਸਮਝ ਲੈ.....

ਅਤਰੂ : (ਟੋਕਦੇ ਹੋਏ) ਪੂਰੇ ਤੀਹ ਸਾਲ! ਕੀ ਖੱਟਿਆ? ਕੀ ਮੁੱਲ ਪਾਇਆ ਪਿੰਡ ਦੀਆਂ ਜੂਠਾਂ ਨੇ? ਇਹਨਾਂ ਨੂੰ ਕਰੋੜ ਹੋਰ ਖਵਾ ਦੇ, ਭੁੱਲ ਜਾਣਗੇ ਸਾਰੇ ਡੰਗਰ ਬੁੱਧੀ ਵਾਲੇ ਪਰ....

ਧੰਨਾ : ਪਰ ਕੀ ਅਤਰੂ?

ਅਤਰੂ : ਸਦਾ ਯਾਦ ਰੱਖਣਗੇ ਤੇਰੇ ਮੁੰਡੇ, ਪੋਤਰੇ ਤੇ ਅੱਗੋ ਹੋਰ ਜੋ ਜੰਮਨ ਵਾਲੇ। ਸਰਪੰਚਾ ਸੁਣ, ਮੈਨੂੰ ਹਰਨਾਮ ਨੇ ਮਹੀਨਾ ਸ਼ਰਾਬ ਪਿਆਈ.... ਸ਼ਰਾਬੀ ਹਾਲਤ ਵਿੱਚ ਹੀ ਤਹਿਸੀਲੇ ਲੈ ਗਿਆ



ਦਸ ਮਰਲੇ ਦਾ ਪਲਾਟ ਮੇਰਾ ਲੈ ਗਿਆ। ਕਿੰਨੀ ਕੁ ਰਕਮ ਪੱਲੇ ਪਈ? ਕਿਧਰ ਗਈ ਰਕਮ.... ਮੇਰਾ ਇਕੋ ਇਕ ਮੁੰਡਾ, ਨੂੰਹ ਤੇ ਪੋਤਰੇ ਸਾਰੇ ਮੈਨੂੰ ਵੱਢ ਖਾਣ ਨੂੰ ਪੈਂਦੇ ਨੇ... ਕਿੱਡਾ ਗੁਨਾਹ ਕੀਤੈ ਮੈਂ... ਪਛਤਾਵਾ ਹੀ ਪਛਤਾਵਾ ਰਹਿ ਗਿਐ ਪੱਲੇ।
(ਰੋ ਪੈਂਦਾ ਹੈ)

ਧੰਨਾ : (ਸੰਭਲਦਾ ਹੋਇਆ) ਠੰਡੇ ਮਨ ਨਾਲ ਸੋਚੀਏ, ਗੱਲ ਤਾਂ ਤੇਰੀ ਸੋਲਾਂ ਆਨੇ ਠੀਕ ਏ। ਨਾਲੇ ਇਕ ਦਿਨ ਤਾਂ ਸਰਪੰਚੀ ਛੱਡਣੀ ਹੀ ਪੈਣੀ ਏ... ਭਰਿਆ ਮੇਲਾ ਛੱਡਣਾ ਚੰਗੈ।

ਅਤਰੂ : ਸਿਆਣੇ ਲੋਕ ਭਰਿਆ ਮੇਲਾ ਹੀ ਛੱਡਦੇ ਨੇ ਸਰਪੰਚਾ। ਮੂਰਖਾਂ ਦੀ ਮੰਡੀ ਤੋਂ ਦੂਰ ਹੀ ਚੰਗੈ।

ਧੰਨਾ : ਹਾਂ ਹਾਂ, ਮੈਂ ਇਲੈਕਸ਼ਨ ਨਹੀਂ ਲੜਾਂਗਾ। ਅਤਰੂ, ਤੂੰ ਜਾ ਕੇ ਅਮਰੂ ਨੂੰ ਕਹਿ ਦੇ ਕਿ ਸਰਪੰਚ ਇਲੈਕਸ਼ਨ 'ਚ ਖੜ੍ਹਾ ਨਹੀਂ ਹੋ ਰਿਹੈ। (ਧੰਨਾ ਮੰਜੀ ਤੇ ਲੇਟ ਜਾਂਦਾ ਹੈ)

ਅਤਰੂ : ਠੀਕ ਵਕਤ ਤੇ ਠੀਕ ਫੈਸਲਾ ਕੀਤੈ ਸਰਪੰਚਾ। ਹੁਣ ਵੇਖਣਾ ਲੋਕਾਂ ਦਾ ਹਾਲ ਦੋ ਦਿਨ ਹੋਰ ਖਾਣ ਲੈਣ ਦਿਓ। ਕਿੱਡੇ ਸਾਲੇ ਸ਼ਾਮਾਂ ਨੂੰ ਬਰਾਤੀ ਬਣ ਬਣ ਰੋਹਬ ਵੀ ਵਿਖਾਉਂਦੇ ਸੀ ਤੇ ਨਾਲੇ ਬੱਕਰੇ ਵੀ ਬੁਲਾਉਂਦੇ ਸੀ। (ਧੰਨੇ ਦੇ ਘੁਰਾੜੇ ਮਾਰਨ ਦੀ ਆਵਾਜ਼ ਆਉਂਦੀ ਹੈ) ਸ਼ੁਕਰ ਏ, ਘੋੜੇ ਵੇਚ ਕੇ ਸੌਂ ਗਿਐ।

ਪਿਛੋਂ ਗੀਤ ਦੀ ਆਵਾਜ਼ : ਕਿੰਨੀ ਵਾਟ ਕੀਤੀ ਇਸ ਰਾਹੀ
ਥੱਕ ਚੂਰ ਲੱਗਾ ਕਰਨ ਅਰਾਮ।
ਸੂਰਜ ਵੀ ਤਾਂ ਢਲ ਹੀ ਗਿਆ।
ਦੁਪਹਿਰ ਢਲੀ ਤਾਂ ਪੈ ਗਈ ਸ਼ਾਮ।

◆◆◆

## ਦ੍ਰਿਸ਼ ਚਾਰ

ਸਥਾਨ : ਅਮਰ ਸਿੰਘ ਦਾ ਘਰ। ਤਖ਼ਤਪੋਸ਼ ਤੇ ਅਮਰ ਸਿੰਘ ਅਤੇ ਸੂਬੇਦਾਰ ਕੁਰਸੀਆਂ 'ਤੇ ਬਿਰਾਜਮਾਨ ਹਨ। ਤਾਰਾ ਕੋਲ ਖੜ੍ਹਾ ਖਾਣ ਪੀਣ ਦਾ ਪ੍ਰਬੰਧ ਕਰ ਰਿਹਾ ਹੈ।

ਅਮਰ ਸਿੰਘ : ਸੂਬੇਦਾਰਾ, ਅੱਜ ਵੰਡ ਦੇਈਏ ਨੋਟ?

ਸੂਬੇਦਾਰ : ਵੋਟ ਕੇ ਬਦਲੇ ਨੋਟ। ਉਹ ਤਾਂ ਕਰਨਾ ਹੀ ਹੈ ਪਰ ਇਸ ਟਾਈਮ ਨਹੀਂ।

ਅਮਰ ਸਿੰਘ : ਇਸ ਟੈਮ ਕੋਈ ਸ਼ਨੀ ਦਾ ਗ੍ਰਹਿ ਲੱਗ ਚੱਲਿਐ? ਵੰਡ ਕੇ ਵਿਹਲੇ ਹੋਈਏ।

ਸੂਬੇਦਾਰ : ਇਸ ਟਾਈਮ ਨੋਟ ਬੰਟਤੇ ਕਿਸੇ ਨੇ ਫੋਟੋ ਖਿੱਚ ਲਈ ਤੋ ਪਰਾਬਲਮ ਖੜੀ ਹੋਗੀ।

ਅਮਰ ਸਿੰਘ : ਕੀ ਹੋ ਜਾਏਗਾ? ਦੋ ਤਾਂ ਦਿਨ ਰਹਿ ਗਏ ਵੋਟਾਂ 'ਚ।

ਸੂਬੇਦਾਰ : ਕੋਈ ਬਾਤ ਨਹੀਂ। ਕਿਸੇ ਨੇ ਫੋਟੋ ਖਿੱਚ ਕੇ ਐਸ.ਡੀ.ਐਮ. ਕੇ ਆਗੇ ਪੇਸ਼ ਕਰਤੀ ਤੋ ਕਾਗਜ਼ ਕੈਂਸਲ ਸਮਝੋ।

ਅਮਰ ਸਿੰਘ : ਫਿਰ ਕੀ ਕਰਨੈਂ?

ਸੂਬੇਦਾਰ : ਕੱਲ੍ਹ ਸੁਬਹ ਵਾਰੀ ਵਾਰੀ ਅਪਨੇ ਘਰ ਫੂਨ ਕਰ ਕੇ ਮੈਂ ਸੱਦਾਂਗਾ, ਨੋਟ ਦੇ ਕਰ ਕਸਮ ਭੀ ਚੁਕਾਤੇ ਜਾਵਾਂਗੇ ਗੁਟਕੇ ਪੇ ਹਾਥ ਰੱਖਵਾ ਕੇ।

ਅਮਰ ਸਿੰਘ : ਤਾਂ ਫਿਰ ਨੋਟਾਂ ਵਾਲੀ ਬੋਰੀ ਤੇਰੇ ਘਰ ਪਹੁੰਚਾ ਦਿਆਂਗਾ। ਕਿੰਨੇ 'ਚ ਪਵੇਗੀ ਵੋਟ?

ਸੂਬੇਦਾਰ : ਬੋਲੀ ਚੱਲੇਗੀ ਜੋ ਦੋ ਹਜ਼ਾਰ ਲੇ ਕਰ ਖੁਸ਼ ਹੋਇਆ ਉਸੇ ਦੋ ਹਜ਼ਾਰ ਦੇਂਗੇ। ਨਹੀਂ ਤੋਂ ਕੋਈ ਲਾਲਚੀ ਤੀਨ ਹਜ਼ਾਰ ਮੇਂ ਵਿੱਕ ਜਾਵੇਗਾ। ਕੋਈ ਜ਼ਿਆਦਾ ਹੀ ਢੀਠ ਨਿਕਲਾ ਤੋ ਉਸ ਦੇ ਮੂੰਹ ਪੇ ਮਾਰੇਂਗੇ ਪਾਂਚ ਹਜ਼ਾਰ। ਇਹ ਟੈਕਨੀਕਲ ਇਲੈਕਸ਼ਨ ਏ ਅਮਰ ਸਿੰਘ ਜੀ।

ਅਮਰ ਸਿੰਘ : ਨੋਟ ਵੰਡਣ 'ਚ ਉਲਾਂਭਾ ਨਾ ਆਏ ਕਿਸੇ ਦਾ। ਪਿੰਡ ਦੀ ਚਾਰ ਸੌ ਵੋਟ ਚੋਂ ਤਿੰਨ ਸੌ ਅੱਸੀ ਵੋਟ ਪੈਣੀ ਚਾਹੀਦੀ ਏ।

ਸੂਬੇਦਾਰ : ਡੋਂਟ ਵਰੀ ਮਤਲਬ ਚਿੰਤਾ ਨਾ ਕਰਨਾ। ਏਕ ਏਕ ਪੈਸੇ ਦਾ ਹਿਸਾਬ ਕਿਤਾਬ ਨੋਟ ਕਰਾਂਗਾ ਕਾਪੀ ਪੇ।

ਅਮਰ ਸਿੰਘ : ਚੌਧਰੀ ਨਹੀਂ ਆਇਆ ਅਜੇ?

ਸੂਬੇਦਾਰ : ਉਸ ਕੀ ਚਿੰਤਾ ਮਤ ਕਰਨਾ। ਬੀਸ ਹਜ਼ਾਰ ਅਕੇਲਾ ਲੈ ਜਾਏਗਾ। ਬਾਕੀ ਖਾਣਾ ਪੀਣਾ ਪੇਟ ਭਰ ਕੇ, ਉਸੇ ਕੀ ਚਾਹੀਏ ਔਰ।

ਅਮਰ ਸਿੰਘ : ਵੋਟਾਂ ਵਾਸਤੇ ਕੌੜਾ ਘੁੱਟ ਭਰਨਾ ਹੀ ਪੈਂਦੈ।

ਸੂਬੇਦਾਰ : ਔਰ ਬਸ ਦੋ ਦਿਨ ਚਲੇਗਾ ਲੰਗਰ। ਲੋਕ ਅੱਛਾ ਖਾਂਦੇ ਨੇ ਬੁਰਾ ਬੋਲਦੇ ਹੈਂ। ਇਸ ਕੋ ਕਹਿੰਦੇ ਨੇ ਲੋਕਤੰਤਰ। (ਅਤਰੂ ਆਉਂਦਾ ਹੈ)



ਅਮਰ ਸਿੰਘ : (ਸੂਬੇਦਾਰ ਦੇ ਕੰਨ ਵਿੱਚ) ਆਹ ਅਤਰੂ ਕਿਧਰੋਂ ਆ ਗਿਐ? ਧੰਨਾ ਸਿੰਘ ਦਾ ਪੱਕਾ ਬੰਦਾ ਏ। ਕਿਤੇ ਇਹ ਵੀ ਛੱਡ ਗਿਐ ਧੰਨੇ ਨੂੰ।

ਸੂਬੇਦਾਰ : ਇਹ ਬੰਦਾ ਸੀ.ਆਈ.ਡੀ. ਲੈਣੇ ਆਇਆ ਜਾਪਦੈ। ਇਲੈਕਸ਼ਨ 'ਚ ਬਹੁਤ ਕੁਝ ਚਲਤੈ। ਇਸ ਕੀ ਇੰਟਰਵਿਊ ਮੈਂ ਲੈਣਾ। ਵੇਖਣਾ ਕੈਸੇ ਬਿੱਲੀ ਥੈਲੇ ਸੇ ਬਾਹਰ ਆਤੀ ਹੈ।

ਅਮਰ ਸਿੰਘ : ਆ ਅਤਰੂ, ਅੱਜ ਕਿਵੇਂ ਸਾਡੇ ਵੱਲ?

ਸੂਬੇਦਾਰ : ਅਤਰੂ ਦਾ ਦਿਲ ਕਰਤਾ ਹੋਏਗਾ ਪੈਗ ਪੀਣੇ ਕੋ। ਅਤਰੂ, ਬੋਲ ਰਮ ਪੀਣੀ ਕਿ ਵਿਸਕੀ?

ਅਤਰੂ : ਸੂਬੇਦਾਰਾ, ਮੈਂ ਸ਼ਰਾਬ ਪੀਣ ਨਹੀਂ ਆਇਆ।

ਸੂਬੇਦਾਰ : ਔਰ ਲੈਕਚਰ ਕਰਨੇ ਆਇਐਂ ਸਟੇਜ ਤੇ?

ਅਤਰੂ : ਮੈਂ ਤਾਂ ਅਮਰ ਸਿੰਘ ਨੂੰ ਖ਼ੁਸ਼ਖਬਰੀ ਸੁਣਾਉਣ ਆਇਆਂ।

ਸੂਬੇਦਾਰ : ਕੈਸੀ ਖ਼ੁਸ਼ਖਬਰੀ?

ਅਤਰੂ : ਸਰਪੰਚ ਧੰਨਾ ਸਿੰਘ ਨੇ ਲੈਕਸ਼ਨ ਨਹੀਂ ਲੜਣੀ।

ਅਮਰ ਸਿੰਘ : ਪਰ ਕਿਉਂ? ਦੌੜ ਗਿਐ ਹਾਰ ਦੇ ਡਰ ਤੋਂ।

ਅਤਰੂ : ਧੰਨਾ ਸਿੰਘ ਕਹਿੰਦਾ ਸੀ ਮੈਂ ਬੁੱਢਾ ਹੋ ਗਿਆਂ।

ਸੂਬੇਦਾਰ : ਸਾਡੀ ਦਸ ਦਿਨ ਸੇ ਪਾਰਟੀ ਚੱਲ ਰਹੀ ਏ ਖਾਣੇ ਪੀਣੇ ਕੀ ਸੁਣ ਕੇ ਧੰਨਾ ਸਿੰਘ ਕੀ ਜਾਨ ਨਿਕਲ ਗੀ ਤੇ ਵੋਹ ਬੂੜਾ ਹੋ ਗਿਆ ਦਸ ਦਿਨ ਵਿੱਚ।

ਅਤਰੂ : (ਕਾਗਜ਼ ਅਮਰ ਸਿੰਘ ਨੂੰ ਦਿੰਦਾ ਹੋਇਆ) ਅਮਰ ਸਿੰਹਾਂ, ਸਰਪੰਚ ਧੰਨਾ ਸਿੰਘ ਨੇ ਘੱਲਿਐ ਤੇਰੇ ਵੱਲ ਇਹ ਕਾਗਜ਼, ਪੜ੍ਹ ਲੈ।

ਸੂਬੇਦਾਰ : ਪੇਪਰ ਇਧਰ ਕਰੋ। (ਕਾਗਜ਼ ਖੋਹਲਦਾ ਹੋਇਆ) ਟੂਟੀ ਫੂਟੀ ਗੁਰਮੁੱਖੀ ਲਿਖੀ ਏ।

ਅਤਰੂ : ਬਜੁਰਗ ਬੰਦਾ ਟੁੱਟੀ ਫੁੱਟੀ ਲਿਖਾਈ ਹੀ ਕਰੇਗਾ ਸੂਬੇਦਾਰਾ।

ਸੂਬੇਦਾਰ : (ਕਾਗਜ਼ ਪੜ੍ਹਦਾ ਹੋਇਆ) ਅਮਰ ਸਿੰਘ ਜੀ, ਸਾਸਰੀ ਕਾਲ। ਮੈਂ ਤੀਹ ਸਾਲ ਪਿੰਡ ਦੀ ਸਰਪੰਚੀ ਕੀਤੀ। ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕੀਤੀ। ਹੁਣ ਇਹ ਸੇਵਾ ਕਿਸੇ ਹੋਰ ਨੂੰ ਵੀ ਮਿਲਣੀ ਚਾਹੀਦੀ ਏ...।

ਅਮਰ ਸਿੰਘ : ਧੰਨਾ ਸਿੰਘ ਤਾਂ ਤਰਲਿਆਂ ਤੇ ਆ ਗਿਐ। ਦਸ ਦਿਨ ਪਹਿਲਾਂ ਦਸ ਦਿੰਦਾ ਮੈਨੂੰ। (ਦੁੱਖੀ ਹੁੰਦਾ ਹੋਇਆ) ਕਿੰਨੀਆਂ ਪੇਟੀਆਂ ਵਿਸਕੀ ਪੀ ਗਏ ਲੋਕ, ਕਿੰਨਾ ਮੀਟ ਛੱਕ ਗਏ। ਮੇਰਾ ਖਰਚ ਨਾ

ਹੁੰਦਾ। ਟੈਂਟ ਦਾ ਖਰਚਾ, ਬਹਿਰਿਆਂ ਦਾ ਤੇ ਖੇਚਲ ਵੱਖਰੀ।

ਸੂਬੇਦਾਰ : ਅਭੀ ਵੀ ਠੀਕ ਹੋ ਗਿਐ। ਬੈਟਰ ਲੇਟ ਦੈਨ ਨੈਵਰ, ਕੈਸ਼ ਤੋ ਬਚ ਗਿਆ, ਬੋਰੀ ਨੋਟੋਂ ਕੀ ਹੈ। ਕਿਤਨਾ ਬੜਾ ਅਮੌਂਟ ਹੈ।

ਅਮਰ ਸਿੰਘ : ਉਹ ਤਾਂ ਠੀਕ ਏ ਸੂਬੇਦਾਰਾ। ਬਾਹਰ ਅਮਰੀਕਾ 'ਚ ਕਿਹੜੇ ਦਰੱਖਤਾਂ ਨਾਲ ਪੈਸੇ ਲੱਗੇ ਨੇ।

(ਅਤਰੂ, ਅਮਰ ਸਿੰਘ ਦੇ ਗ਼ਲ ਵਿਚ ਹਾਰ ਪਾਉਂਦਾ ਹੈ) ਹਾਰ?

ਅਤਰੂ : ਤੁਹਾਡੀ ਜਿੱਤ ਦਾ, ਸਰਪੰਚ ਧੰਨਾ ਸਿੰਘ ਨੇ ਵਧਾਈ ਦੇ ਤੌਰ 'ਤੇ ਘੱਲਿਐ ਹਾਰ।

ਸੂਬੇਦਾਰ : ਹਾਂ, ਕਾਗਜ਼ ਕੀ ਦੋ ਲਾਇਨਾਂ ਬਚ ਗਈ ਥੀ। (ਪੜ੍ਹਦਾ ਹੋਇਆ) ਅਮਰ ਸਿੰਘ, ਤੂੰ ਮੈਨੂੰ ਸਦਾ ਚਾਚਾ ਕਹਿੰਦਾ ਰਿਹੈਂ। ਮੈਨੂੰ ਖੁਸ਼ੀ ਏ ਕਿ ਮੇਰਾ ਭਤੀਜਾ ਸਰਪੰਚ ਬਣ ਰਿਹੈ।

ਅਮਰ ਸਿੰਘ : (ਭਾਵਕ ਹੁੰਦਾ ਹੋਇਆ) ਭਤੀਜਾ... ਮੈਨੂੰ ਤੇਰੇ ਉਲਟ ਨਾਅਰੇ ਨਹੀਂ ਸੀ ਲਵਾਉਣੇ ਚਾਹੀਦੇ।

ਤਾਰਾ : (ਅਮਰ ਸਿੰਘ ਦੇ ਕੋਲ ਆਉਂਦਾ ਹੋਇਆ) ਕੁਰਸੀਆਂ ਟੇਬਲ ਸਭ ਸਜ਼ਾ ਦਿੱਤੇ ਨੇ ਅਮਰ ਸਿੰਘ ਜੀ।

ਸੂਬੇਦਾਰ : ਅਬ ਸਿਰ 'ਚ ਮਾਰਨੇ ਨੇ ਟੇਬਲ ਕੁਰਸੀਆਂ!

ਤਾਰਾ : ਮਤਲਬ?

ਸੂਬੇਦਾਰ : ਅਮਰ ਸਿੰਘ ਸਰਪੰਚ ਚੁਣੇ ਗਏ ਸਰਬਸੰਮਤੀ ਸੇ, ਯੇ ਹਾਰ ਧੰਨਾ ਸਿੰਘ ਨੇ ਭੇਜਾ ਹੈ। ਤਾਰੇ, ਟੈਂਟ ਵਾਲੇ ਨੂੰ ਬੋਲ, ਲੇ ਜਾਏ ਅਪਨਾ ਸਮਾਨ ਉਠਾ ਕੇ ਟਰਾਲੀ 'ਚ।

ਤਾਰਾ : ਮੇਲਾ ਉਜੜ ਗਿਐ?

(ਚੌਧਰੀ, ਰੱਤੂ ਤੇ ਚੇਤੂ ਆਉਂਦੇ ਹਨ)

ਰੱਤੂ : ਸੂਬੇਦਾਰਾ, ਸਮਾਨ ਪਹੁੰਚਿਆ ਨਹੀਂ ਘਰ?

ਸੂਬੇਦਾਰ : ਕੌਣ ਸਾ ਸਮਾਨ?

ਰੱਤੂ : ਮਾਇਆ ਅਰਦਾਸ ਕਰੌਣੀ ਸੀ...

ਸੂਬੇਦਾਰ : ਤਿੱਤਰ ਹੋ ਇਥੋਂ। ਹੋ ਗਈ ਸਰਬਸੰਮਤੀ, ਅਬ ਨਾ ਕੋਈ ਬੋਤਲ ਚੱਲੇਗੀ, ਨਾ ਬਕਰਾ ਨਾ ਹੀ ਨੋਟ। ਗੈਟ ਆਊਟ ਹੋ ਜਾਏਂ ਸਭ ਸਾਲੇ ਸੂਰ ਕਹੀਂ ਦੇ।

ਚੌਧਰੀ : ਜਿਹੜਾ ਆਡਰ ਕਵੰਟਲ ਮੱਛੀ ਦਾ ਦਿੱਤਾ ਸੀਗਾ, ਉਹਦਾ ਕੀ ਕਰਨੈਂ ਹੁਣ?

ਅਮਰ ਸਿੰਘ : ਉਹਨੂੰ ਜਵਾਬ ਦੇ ਦਿਓ, ਨਹੀਂ ਚਾਹੀਦੀ ਮੱਛੀ ਹੁਣ।



ਚੌਧਰੀ : ਤੇ ਮੇਰੇ ਵੀਹ ਹਜ਼ਾਰ ਅਮਰ ਸਿੰਘ ਜੀ?

ਸੂਬੇਦਾਰ : ਲੈ ਗਈ ਰੋੜ ਕੇ ਤੇਰਾ ਬੀਸ ਹਜ਼ਾਰ ਸਰਬਸੰਮਤੀ। ਅਬ ਨਿਕਲ ਜਾਉ ਅਪਨੇ ਅਪਨੇ ਘਰ ਕੋ।

(ਅਮਰ ਸਿੰਘ, ਸੂਬੇਦਾਰ ਅਤੇ ਅਤਰੂ ਤੋਂ ਬਿਨਾਂ, ਸਭ ਜਾਣ ਦੀ ਤਿਆਰੀ ਕਰਦੇ ਜਾਪਦੇ ਹਨ) ਅਬ ਕੀ ਕਰਨੈਂ ਅਮਰ ਸਿੰਘ ਜੀ।

ਅਮਰ ਸਿੰਘ : ਚਲੇ ਗਏ ਇਹ ਲੋਕ, ਸਿਰ ਨੂੰ ਹੋਸ਼ ਆ ਗਈ ਏ। ਦਸ ਦਿਨ ਸਿਰ 'ਚ ਚਕਰੀਆਂ ਚਲਦੀਆਂ ਰਹੀਆਂ।ਅਤਰੂ, ਚਾਚਾ ਧੰਨਾ ਸਿੰਘ ਸਰਪੰਚ ਨੂੰ ਇੱਥੇ ਲੈ ਕੇ ਆ। ਅੱਜ ਆਪਾਂ ਚਾਰੇ ਹੀ ਜਸ਼ਨ ਮਨਾਵਾਂਗੇ। (ਅਮਰ ਸਿੰਘ, ਸੂਬੇਦਾਰ ਅਤੇ ਅਤਰੂ ਇਕ ਦੂਸਰੇ ਦੇ ਹੱਥਾਂ 'ਚ ਹੱਥ ਪਾਈ ਜੇਤੂ ਚਿੰਨ੍ਹ ਬਣਾਉਂਦੇ ਹਨ।

ਪਿੱਛੋਂ ਗੀਤ : ਬੰਦੇ ਬਣ ਗਏ ਪੁਤਲੀਆਂ, ਕਿਹੋ ਜਿਹਾ ਹੋਏਗਾ ਲੋਕਤੰਤਰ।
ਆਤਮਾ ਦੀ ਆਵਾਜ਼ ਨੂੰ ਸੁਣਨ, ਮਾਰੋ ਕੋਈ ਤਲਿਸਮੀ ਮੰਤਰ।
ਬੰਦੇ ਬਣ ਗਏ....। (ਸਮਾਪਤ)

◆◆◆

# ਸ਼ਰਧਾ ਬਨਾਮ ਵੀ.ਆਈ.ਪੀ.

-ਦਲਜੀਤ ਸਿੰਘ ਰਤਨ



ਭਾਰਤ ਵਿਚ ਵੱਖ-ਵੱਖ ਧਰਮਾਂ ਦੇ ਲੋਕ ਰਹਿੰਦੇ ਹਨ। ਹਰ ਕੋਈ ਆਪਣੀ ਮਰਜ਼ੀ ਨਾਲ ਧਰਮ ਬਦਲ ਸਕਦਾ ਹੈ ਅਤੇ ਕਿਸੇ ਵੀ ਮੁਰਸ਼ਦ ਨੂੰ ਧਾਰ ਸਕਦਾ ਹੈ। ਰੱਜ ਕੇ ਦਾਨ ਪੁੰਨ ਕਰਨਾ ਤੇ ਸੇਵਾ ਕਰਨੀ ਇਥੇ ਦੇ ਲੋਕਾਂ ਖਾਸ ਕਰਕੇ ਪੰਜਾਬੀਆਂ ਦੇ ਸੁਭਾਅ ਵਿਚ ਹੈ। ਰੱਬ ਨਾ ਕਰੇ ਜੇ ਕਿਤੇ ਕੁਦਰਤੀ ਆਫਤ ਵੀ ਜਾਵੇ ਤਾਂ ਪੰਜਾਬੀ ਸਭ ਤੋਂ ਪਹਿਲਾਂ ਉਥੇ ਪਹੁੰਚਦੇ ਹਨ ਅਤੇ ਪੀੜਤ ਲੋਕਾਂ ਦੀ ਮਦਦ ਕਰਕੇ ਖੁਸ਼ੀ ਮਹਿਸੂਸ ਕਰਦੇ ਹਨ। ਗੁਰੂਘਰਾਂ ਵਿਚ ਵੀ ਇਥੋਂ ਦੇ ਲੋਕਾਂ ਦੀ ਅਥਾਹ ਸ਼ਰਧਾ ਹੈ। ਅੰਮ੍ਰਿਤ ਵੇਲੇ ਦੇ ਦੀਵਾਨਾਂ ਵਿਚ ਹਾਜ਼ਰੀ ਭਰਨੀ ਅਤੇ ਸਾਰਾ-ਸਾਰਾ ਦਿਨ ਲੰਗਰਾਂ ਜਾਂ ਹੋਰ ਕਈ ਤਰ੍ਹਾਂ ਦੀ ਸੇਵਾ ਕਰਨੀ ਇਨ੍ਹਾਂ ਦੇ ਸੁਭਾਅ ਵਿਚ ਹੈ। ਜੇਕਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਗੱਲ ਕਰੀਏ ਤਾਂ ਇਥੇ 24 ਘੰਟੇ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਹਨ। ਸਰੋਵਰ ਵਿਚ ਇਸ਼ਨਾਨ ਕਰਕੇ ਅਤੇ ਲੰਗਰਾਂ ਵਿਚ ਸੇਵਾ ਕਰਕੇ ਸੰਗਤਾਂ ਆਪਣੇ ਆਪ ਨੂੰ ਧੰਨ ਸਮਝਦੀਆਂ ਹਨ। ਮੱਥਾ ਟੇਕਣ ਲਈ ਭਾਵੇਂ ਸੰਗਤਾਂ ਨੂੰ ਕਈ-ਕਈ ਘੰਟੇ ਲੱਗ ਜਾਣ, ਪੂਰੇ ਸਬਰ ਅਤੇ ਸ਼ਰਧਾ ਨਾਲ ਸੰਗਤਾਂ ਆਪਣੀ ਵਾਰੀ ਦੀ ਉਡੀਕ ਕਰਦੀਆਂ ਹਨ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਦਰ ਨਤਮਸਤਕ ਹੁੰਦੀਆਂ ਹਨ।

ਲੰਘੇ ਦਿਨੀਂ ਮੇਰਾ ਅੰਮ੍ਰਿਤਸਰ ਜਾਣ ਦਾ ਸਬੱਬ ਬਣਿਆ। ਮੈਂ ਤੇ ਮੇਰੀ ਪਤਨੀ ਜਿਹੜੇ ਪ੍ਰੋਗਰਾਮ 'ਤੇ ਗਏ ਸਾਂ ਉਥੋਂ ਕਾਹਲੀ ਨਾਲ ਫਾਰਗ ਹੋ ਕੇ ਮਿਥੇ ਪ੍ਰੋਗਰਾਮ ਅਨੁਸਾਰ ਅਸੀਂ ਦਰਬਾਰ ਸਾਹਿਬ ਪਹੁੰਚ ਗਏ। ਕਿਉਂਕਿ ਸਾਨੂੰ ਪਤਾ ਸੀ ਕਿ ਐਤਵਾਰ ਹੋਣ ਕਰਕੇ ਉਥੇ ਮੱਥਾ ਟੇਕਣ ਲਈ ਕਾਫੀ ਸਮਾਂ ਲੱਗ ਜਾਂਦਾ ਹੈ। ਅਸੀਂ ਪਰਿਕਰਮਾ ਕਰਕੇ ਅਤੇ ਦੇਗ ਕਰਵਾ ਕੇ ਜਦੋਂ ਮੱਥਾ ਟੇਕਣ ਲਈ ਲਾਈਨਾਂ ਵਿਚ ਲੱਗੇ ਤਾਂ ਸੰਗਤਾਂ ਬੜੇ ਸਬਰ ਨਾਲ, ਉਥੇ ਚੱਲਦੇ ਕੀਰਤਨ ਦੇ ਨਾਲ ਨਾਲ ਗੁਰਬਾਣੀ ਗਾਇਨ ਕਰ ਰਹੀਆਂ ਸਨ। ਕਰੀਬ ਦੋ ਘੰਟੇ ਵਿਚ ਹੀ ਅਸੀਂ ਮੱਥਾ ਟੇਕ ਲਿਆ। ਮੱਥਾ ਟੇਕਣ ਤੋਂ ਬਾਅਦ ਜਦੋਂ ਅਸੀਂ ਬਾਹਰ ਨਿਕਲਣ ਲੱਗੇ ਤਾਂ ਉਥੇ ਮੈਂ ਦੇਖਿਆ ਕਿ ਮੁੱਖ ਦਰਵਜ਼ੇ ਕੋਲ ਸੰਗਤਾਂ ਨੂੰ ਅੰਦਰ ਜਾਣ ਤੋਂ ਰੋਕਿਆ ਹੋਇਆ ਸੀ ਤੇ ਛੋਟਾ ਗੇਟ ਖੋਲ੍ਹ ਕੇ ਸੇਵਾਦਾਰ ਉਥੇ ਖੜ੍ਹੇ ਸਨ। ਇਸ ਬਾਰੇ ਮੈਨੂੰ ਕੁਝ ਸਮਝ ਨਾ ਲੱਗਾ ਤੇ ਅਸੀਂ ਬਾਹਰ ਵੱਲ ਨੂੰ ਤੁਰ ਪਏ। ਜਿਥੇ ਦੇਗ ਮਿਲਦੀ ਹੈ, ਅਸੀਂ ਉਥੇ ਪਹੁੰਚੇ ਸਾਂ ਤਾਂ ਕਿਸੇ ਪੰਜਾਬੀ ਫਿਲਮ ਦੀ ਟੀਮ ਜਿਥੋਂ ਸੰਗਤਾਂ ਨੂੰ ਬਾਹਰ ਨਿਕਲਦੀਆਂ



ਹਨ ਉਥੋਂ ਦੀ ਬੇੜੀ ਤੇਜ਼ੀ ਨਾਲ ਅੰਦਰ ਦਾਖਲ ਹੋਈ। ਫਿਲਮ ਦੇ ਹੀਰੋ ਸਮੇਤ ਹੋਰ ਕਲਾਕਾਰ ਅੰਦਰ ਜਾਂਦੇ ਦੇਖ ਕੇ ਮੈਨੂੰ ਸਮਝਦਿਆਂ ਦੇਰ ਨਾ ਲੱਗੀ ਕਿ ਸੰਗਤਾਂ ਨੂੰ ਰਾਹ ਵਿਚ ਰੋਕ ਕੇ ਉਹ ਰਸਤਾ ਇਨ੍ਹਾਂ 'ਵੀ.ਆਈ.ਪੀ.' ਲੋਕਾਂ ਲਈ ਖੋਲ੍ਹਿਆ ਗਿਆ ਸੀ।

ਖੈਰ ਅਸੀਂ ਕੜਾਹ ਪ੍ਰਸ਼ਾਦ ਦੀ ਦੇਗ ਲਈ ਤੇ ਦਰਸ਼ਨੀ ਡਿਓੜੀ ਵੱਲ ਨੂੰ ਤੁਰ ਪਏ। ਅਸੀਂ ਅਜੇ ਬੇਰੀ ਸਾਹਿਬ ਨੇੜੇ ਹੀ ਪਹੁੰਚੇ ਸੀ ਕਿ ਉਹੀ ਫਿਲਮੀ ਕਲਾਕਾਰਾਂ ਦੀ ਟੀਮ ਫਿਰ ਸਾਡੇ ਕੋਲੋਂ ਬੜੀ ਤੇਜ਼ੀ ਨਾਲ ਲੰਘੀ। ਕੁਝ ਸੇਵਾਦਾਰਾਂ ਵੱਲੋਂ ਅਤੇ ਕੁਝ ਉਨ੍ਹਾਂ ਕਲਾਕਾਰਾਂ ਦੇ ਬਾਊਂਸਰਾਂ ਵੱਲੋਂ ਬਣਾਏ ਮਨੁੱਖੀ ਘੇਰੇ ਅੰਦਰ ਉਹ 'ਸਿਤਾਰੇ' ਹਰਲ-ਹਰਲ ਕਰਕੇ ਉਹ ਗਏ-ਉਹ ਗਏ। ਇਸ ਤੋਂ ਪਹਿਲਾਂ ਪਰਿਕਰਮਾ ਵਿਚ ਬੈਠੀਆਂ ਸੰਗਤਾਂ ਜਿਥੇ ਗੁਰੂ ਜਸ ਗਾਇਨ ਕਰ ਰਹੀਆਂ ਸਨ ਉਥੇ ਉਨ੍ਹਾਂ ਵੱਲੋਂ ਤੇਜ਼ੀ ਨਾਲ ਲੰਘਣ ਕਰਕੇ ਲੋਕਾਂ ਦਾ ਧਿਆਨ ਭੰਗ ਹੋ ਗਿਆ ਸੀ।

ਇਹ ਸਾਰਾ ਕੁਝ ਦੇਖ ਕੇ ਮੇਰੀ ਪਤਨੀ ਦੇ ਮੂੰਹੋਂ ਸੁਭਾਵਿਕ ਹੀ ਨਿਕਲਿਆ ਕਿ ਇਹ ਲੋਕ ਗੁਰੂ ਘਰ ਵਿਚ ਸ਼ਰਧਾ ਨਾਲ ਆਉਂਦੇ ਹਨ ਜਾਂ ਦਿਖਾਵੇ ਲਈ? ਕਿਉਂਕਿ ਜਿੰਨੀ ਫੁਰਤੀ ਉਨ੍ਹਾਂ ਕਲਾਕਾਰਾਂ ਨੇ ਅੰਦਰ ਜਾਣ ਤੇ ਮੱਥਾ ਟੇਕ ਕੇ ਬਾਹਰ ਆਉਣ 'ਚ ਦਿਖਾਈ ਉਸ ਤੋਂ ਉਨ੍ਹਾਂ ਦੀ 'ਸ਼ਰਧਾ' ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਸੀ। ਗੁਰੂ ਘਰਾਂ ਵਿਚ ਵੀ ਵੀ.ਆਈ.ਪੀ. ਕਲਚਰ ਭਾਰੂ ਹੁੰਦਾ ਜਾ ਰਿਹਾ ਹੈ। ਪਹਿਲਾਂ ਤਾਂ ਸਾਰੀ ਸੰਗਤ ਨੂੰ ਰੋਕ ਕੇ ਜਿਥੋਂ ਸੰਗਤਾਂ ਬਾਹਰ ਆਉਂਦੀਆਂ ਹਨ ਉਸ ਰਸਤੇ ਮੱਥਾ ਟੇਕਣ ਦੀ ਆਗਿਆ ਦੇਣਾ, ਫਿਰ ਦਰਬਾਰ ਸਾਹਿਬ ਕੰਪਲੈਕਸ ਅੰਦਰ ਕਿਸੇ ਫਿਲਮੀ ਟੀਮ ਨੂੰ ਮਨੁੱਖੀ ਘੇਰਾ ਬਣਾ ਕੇ ਲਿਜਾਣਾ, ਇਹ ਸਾਰਾ ਕੁਝ ਕਿਸ ਮਜਬੂਰੀ ਵੱਸ ਕੀਤਾ ਜਾ ਰਿਹਾ ਹੈ। ਠੀਕ ਹੈ ਸੁਰੱਖਿਆ ਪੱਖ ਤੋਂ ਕੁਝ ਲੋਕਾਂ ਨੂੰ ਵਿਸ਼ੇਸ਼ ਤੌਰ 'ਤੇ ਅੰਦਰ ਲਿਜਾਇਆ ਜਾਂਦਾ ਹੈ ਤੇ ਉਨ੍ਹਾਂ ਨੂੰ ਉਥੋਂ ਦੇ ਇਤਿਹਾਸ ਤੋਂ ਜਾਣੂ ਵੀ ਕਰਵਾਇਆ ਜਾਂਦਾ ਹੈ। ਪਰ ਇਸ ਸਭ ਨੂੰ ਮਰਿਆਦਾ ਅੰਦਰ ਰਹਿ ਕੇ ਹੀ ਕਰਨਾ ਚਾਹੀਦਾ ਹੈ। ਪਰ ਕੁਝ ਕਲਾਕਾਰਾਂ ਵੱਲੋਂ ਮਰਿਆਦਾ ਨੂੰ ਛਿੱਕੇ ਟੰਗ ਕੇ ਇਸ ਤਰ੍ਹਾਂ ਮੱਥਾ ਟੇਕਣ ਜਾਣਾ ਸਰਾਸਰ ਗਲਤ ਹੈ। ਜੇਕਰ ਉਹ ਕਲਾਕਾਰ ਕਾਹਲੀ ਵਿਚ ਸਨ ਤਾਂ ਬਾਕੀ ਸੰਗਤਾਂ ਵੀ ਕੋਈ ਵਿਹਲੀਆਂ ਨਹੀਂ ਹੁੰਦੀਆਂ। ਜੋ ਲੋਕ ਸ਼ਰਧਾ ਨਾਲ ਘੰਟਿਆਂ ਬੱਧੀ ਆਪਣੀ ਵਾਰੀ ਦੀ ਉਡੀਕ ਕਰਦੇ ਹਨ, ਉਨ੍ਹਾਂ ਨੇ ਵੀ ਆਪਣੇ ਕੰਮਕਾਰ ਕਰਨੇ ਹੁੰਦੇ ਹਨ। ਮੈਂ ਦੇਖਿਆ ਉਥੇ ਕਈ ਬੱਚਿਆਂ ਵਾਲੀਆਂ ਬੀਬੀਆਂ ਜਾਂ ਬਜ਼ੁਰਗਾਂ ਨੂੰ ਸੇਵਾਦਾਰ ਅੰਦਰ ਜਾਣ 'ਚ ਕੋਈ ਛੋਟ ਨਹੀਂ ਦੇ ਰਹੇ ਸਨ। ਉਨ੍ਹਾਂ ਨੂੰ ਕਿਹਾ ਜਾ ਰਿਹਾ ਸੀ ਕਿ ਸਾਰੀ ਸੰਗਤ ਤੁਹਾਡੇ ਵਰਗੀ ਹੀ ਹੈ। ਕਿਸ-ਕਿਸ ਨੂੰ ਉਲਟੇ ਰਸਤੇ ਅੰਦਰ ਜਾਣ ਦੇਈਏ। ਜਦਕਿ ਫਿਲਮੀ ਕਲਾਕਾਰਾਂ ਨੂੰ ਸੇਵਾਦਰ ਆਪ ਅੰਦਰ ਲੈ ਕੇ ਜਾ ਰਹੇ ਸਨ।

ਸੋ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਸੰਗਤਾਂ ਦੀ ਸ਼ਰਧਾ ਨੂੰ ਦੇਖਦਿਆਂ ਇਸ ਤਰ੍ਹਾਂ ਕਰਨ ਤੋਂ ਰੋਕਿਆ ਜਾਵੇ। ਕਿਉਂਕਿ ਗੁਰੂ ਘਰ ਅੰਦਰ ਸਭ ਸੰਗਤਾਂ ਬਰਾਬਰ ਹੁੰਦੀਆਂ

ਹਨ। ਜੇਕਰ ਦਿਲ ਵਿਚ ਸਤਿਕਾਰ ਹੈ ਤਾਂ ਫਿਰ ਵੀ.ਆਈ.ਪੀ. ਹੋਵੇ ਜਾਂ ਕੋਈ ਵੀ, ਆਰਾਮ ਨਾਲ ਮੱਥਾ ਟੇਕੇ ਅਤੇ ਬੜੇ ਪਿਆਰ ਨਾਲ ਪਰਿਕਰਮਾ ਕਰਕੇ ਜਾਵੇ। ਸੁਰੱਖਿਆ ਕਾਰਨਾਂ ਕਰਕੇ ਕੁਝ ਲੋਕਾਂ ਨੂੰ ਸਕਿਉਰਟੀ ਪ੍ਰਦਾਨ ਕਰਨੀ ਤਾਂ ਸਮਝ ਵਿਚ ਆਉਂਦੀ ਹੈ ਪਰ ਜਿਸ ਤਰ੍ਹਾਂ ਇਹ ਵਰਤਾਰਾ ਚੱਲ ਪਿਆ ਹੈ ਇਹ ਸਭ ਸ਼ੋਭਾ ਨਹੀਂ ਦਿੰਦਾ। ਇਸ ਲਈ ਗੁਰੂ ਘਰ ਦੀ ਮਰਿਆਦਾ ਅਨੁਸਾਰ ਹਰ ਕਲਾਕਾਰ ਅਤੇ ਵੀ.ਆਈ.ਪੀ. ਵਿਅਕਤੀਆਂ ਨੂੰ ਨਿਮਾਣੇ ਬਣ ਕੇ ਜਾਣਾ ਚਾਹੀਦਾ ਹੈ ਤਾਂ ਹੀ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਹੋਣਗੀਆਂ। ਸ਼੍ਰੋਮਣੀ ਕਮੇਟੀ ਨੂੰ ਵੀ ਇਧਰ ਧਿਆਨ ਦੇਣ ਦੀ ਲੋੜ ਹੈ।

**ਮੋਬਾਈਲ : 98149-44411**

◆◆◆

**ਯਾਦ ਪਰੀ ਦੇ ਰੂ-ਬ-ਰੂ**

## ਉਹ ਪਾਮੇਰੀਅਨ ਕੁੱਤੇ ਵਾਲੀ

**-ਸੁਖਚੈਨ ਸਿੰਘ ਭੰਡਾਰੀ**

ਆਦਮੀ ਦੀ ਹਯਾਤੀ ਵਿਚ ਯਾਦਾਂ ਉਸ ਦੀ ਅਮਾਨਤ ਹੁੰਦੀਆਂ ਹਨ। ਲੱਖ ਚਾਹੁੰਦਿਆਂ ਵੀ ਉਹ ਉਨ੍ਹਾਂ ਦੀਆਂ ਬਾਹਵਾਂ ਵਿਚੋਂ ਆਪਣੇ ਆਪ ਨੂੰ ਆਜ਼ਾਦ ਨਹੀਂ ਕਰ ਸਕਦਾ। ਇਨ੍ਹਾਂ ਯਾਦਾਂ ਦਾ ਹਰ ਰੂਹ ਨਾਲ ਚੋਲੀ-ਦਾਮਨ ਦਾ ਸਾਥ ਹੁੰਦਾ ਹੈ। ਇਹ ਭਾਵੇਂ ਸੁਆਦਲੇ ਪਲਾਂ ਦੀਆਂ ਹਮਸਾਈਆਂ ਹੋਣ ਜਾਂ ਕੌੜੀਆਂ ਘੜੀਆਂ ਦੀਆਂ ਹਮਸਫ਼ਰ, ਪਰ ਇਹ ਜ਼ਿਹਨ ਵਿਚ ਇੰਜ ਸਮਾਈਆਂ ਹੁੰਦੀਆਂ ਹਨ ਜੀਕਣ ਦੋ ਰੂਹਾਂ ਦੀ ਪਛਾਣ। ਸਦੀਵ ਸੁਖਾਵੇਂ ਤੇ ਰਸੀਲੇ ਪਲਾਂ ਦੀ ਯਾਦ ਜ਼ਿਆਦਾਤਰ ਉਦੋਂ ਆਪ ਮੁਹਾਰੇ ਟੁਰ-ਟੁਰ ਆਉਂਦੀ ਹੈ ਜਦੋਂ ਮੌਸਮ, ਕਿਸੇ ਹੁਸੀਨ ਮੁਟਿਆਰ ਵਾਂਗ ਆਪਣੇ ਜਿਸਮ ਤੋਂ ਲੀੜੇ ਲਾਹੁੰਦਾ ਹੈ, ਜਦੋਂ ਰੁੱਤ ਪਰਤਦੀ ਹੈ। ਯਾਦਾਂ ਦਾ ਮੌਸਮ ਨਾਲ ਡਾਢ੍ਹਾ ਗੂੜ੍ਹਾ ਸੰਬੰਧ ਹੈ। ਤੁਹਾਡੇ ਉਹ ਹੁਸੀਨ ਪਲ ਜੋ ਤੁਸੀਂ ਜਿਹੜੀ ਵੀ ਰੁੱਤ ਵਿਚ ਮਾਣੇ ਸਨ, ਜਦੋਂ ਵਰਿਹਾਂ ਬਾਅਦ ਉਹੀ ਰੁੱਤ ਸੱਪ ਦੀ ਕੁੰਜ ਵਾਂਗ ਆਪਾ ਬਦਲਦੀ ਹੈ ਤਾਂ ਆਪਣੇ ਨਾਲ ਉਹ ਪਲ ਇਕ ਮਿੱਠੀ ਚੀਸ ਬਣ ਕੇ ਤੁਹਾਡੇ ਸਾਹਮਣੇ ਆ ਖਲੋਂਦੇ ਹਨ ਤੇ ਜਿਨ੍ਹਾਂ ਨਾਲ ਬਾਤਾਂ ਪਾ, ਤੁਹਾਡੇ ਮਨ ਨੂੰ ਕੀ-ਨ-ਕੀ ਹੋਣ ਲੱਗ ਪੈਂਦਾ ਹੈ। ਕਦੀ ਪਤਲੀ ਜਿਹੀ ਮੁਸਕਰਾਹਟ ਬਿਜਲੀ ਬਣ ਤੁਹਾਡੇ ਹੋਠਾਂ 'ਤੇ ਥਿਰਕ ਜਾਂਦੀ ਹੈ ਤੇ ਕਦੀ ਕੋਈ ਸਰਦ ਹਉਕਾ ਫ਼ਿਜ਼ਾ ਵਿੱਚ ਫੈਲ ਜਾਂਦਾ ਹੈ। ਪਰ ਫਿਰ ਵੀ ਉਹ ਸਭ ਚੰਗਾ ਲਗਦਾ ਹੈ ਤੇ ਜੀ ਹੁੰਦਾ ਹੈ ਕਿ ਇਸ ਯਾਦ-ਪਰੀ ਨਾਲ ਖੇਡਦੇ ਹੀ ਰਹੀਏ-ਖੇਡਦੇ ਹੀ ਰਹੀਏ।

ਅਜੇਹੀਆਂ ਹੀ ਰੁੱਤਾਂ ਵਿਚੋਂ ਸਾਵਣ ਦੀ ਇਕ ਹੁਸੀਨ ਰੁੱਤ। ਹਾਏ, ਜਦੋਂ ਵੀ ਆਉਂਦੀ ਹੈ ਤਾਂ ਰੂਹ ਦਾ ਪੋਟਾ-ਪੋਟਾ ਉਹ ਗਿਆ ਤੇ ਔਹ ਗਿਆ। ਤੇ ਆਪ ਮੁਹਾਰੇ ਹੀ ਅੰਮ੍ਰਿਤਾ ਪ੍ਰੀਤਮ ਦੇ ਇਹ ਬੋਲ "ਸਾਵਣ ਮਾਂਹ ਦੀਆਂ ਝੜੀਆਂ ਤੋਂ ਵੀ, ਦਰਦਾਂ ਦਾ ਰੰਗ



ਸੰਘਣਾ" ਹੋਠਾਂ ਦੇ ਬੂਹੇ 'ਚੋਂ ਲੰਘ ਮੈਨੂੰ ਰੁਲਾਣ ਲਗਦੇ ਨੇ। ਆਹੋ! ਇਸੇ ਮੌਸਮ ਵਿਚ ਹੀ ਤਾਂ ਮੈਨੂੰ ਆਪਣਾ ਪਹਿਲਾ ਤੇ ਆਖਰੀ ਉਹ ਕੁਝ ਲੱਭਾ ਸੀ ਜਿਸਨੂੰ ਸਦੀਆਂ ਤੋਂ 'ਮੁਹੱਬਤ' ਨਾਂ ਮਿਲਿਆ ਹੈ। ਜਿਸ ਲਫ਼ਜ਼ ਨੂੰ ਆਪਣੀ ਅਸਲੀ ਦੌਲਤ ਜਾਣ, ਵਾਰਸ ਨੇ ਆਪਣੇ ਸ਼ਾਹਕਾਰ 'ਹੀਰ ਵਾਰਸ' ਵਿੱਚ ਥਾਂ-ਥਾਂ ਪਰੋਇਆ ਹੈ। ਉਸੇ ਪਿਆਰ-ਖਜ਼ਾਨੇ ਨੇ ਮੈਨੂੰ ਵੀ ਚੁਪਚਪੀਤੇ ਆ ਮਾਲਾ-ਮਾਲ ਕੀਤਾ ਸੀ।....

ਸਾਲ 1963- ਮੈਨੂੰ ਯਾਦ ਹੈ, ਅਜੇ ਮੈਂ ਜਵਾਨ ਰਾਹਾਂ 'ਤੇ ਪੈਰ ਧਰਿਆ ਹੀ ਸੀ ਕਿ ਪਤਾ ਨਹੀਂ ਕਿਧਰੋਂ ਉਸਨੇ, ਜਿਸਨੂੰ ਬਾਅਦ ਵਿੱਚ 'ਸੁਪਨ' ਨਾਂ ਦਿੱਤਾ ਸੀ ਮੇਰੀਆਂ ਉਨ੍ਹਾਂ ਜਵਾਨ ਰਾਹਾਂ ਨੂੰ ਆ ਕੇ ਰੁਸ਼ਨਾ ਦਿੱਤਾ। ਮੈਂ ਉਦੋਂ ਐਮ.ਏ. ਦੇ ਪਹਿਲੇ ਵਰ੍ਹੇ ਵਿਚ ਕਦਮ ਰੱਖਿਆ ਸੀ। ਮੇਰਾ ਸਬਜੈਕਟ ਪੰਜਾਬੀ ਤੇ ਉਸ ਦਾ ਇੰਗਲਿਸ਼। ਪਰ ਦਿਲਾਂ ਦੀ ਸਾਂਝ ਵਿਚ ਸਬਜੈਕਟਾਂ ਦੇ ਵੱਖਰੇਪਨ ਨੇ ਕੋਈ ਦੀਵਾਰ ਖੜ੍ਹੀ ਨਾ ਕੀਤੀ।....

ਅਚਾਨਕ ਇਕ ਦਿਨ ਆਲ ਇੰਡੀਆ ਰੇਡੀਓ ਜਲੰਧਰ ਵੱਲੋਂ ਨਾਟਕ ਮੁਕਾਬਲਿਆਂ ਲਈ ਇਕ ਪੱਤਰ ਸਾਡੇ ਡਿਪਾਰਟਮੈਂਟ ਕੋਲ ਆਇਆ। ਨਾਟਕ ਤਿਆਰ ਕਰਨ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ। ਕਿਉਂਕਿ ਮੈਂ ਬਹੁਤ ਚਿਰ ਤੋਂ ਰੇਡੀਓ ਨਾਟਕ ਲਿਖ ਰਿਹਾ ਸਾਂ ਇਸ ਲਈ ਮੈਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਾ ਆਈ। ਮੈਂ ਆਪਣੇ ਕਈ ਨਾਟਕਾਂ ਵਿਚੋਂ ਇਕ ਖ਼ੂਬਸੂਰਤ ਨਾਟਕ 'ਇਕਰਾਰਾਂ ਵਾਲੀ ਰਾਤ' ਦੀ ਚੋਣ ਕੀਤੀ। ਉਸ ਨਾਟਕ ਵਾਸਤੇ ਮੈਨੂੰ ਕਿਸੇ ਬਹੁਤ ਹੀ ਜਜ਼ਬਾਤੀ ਕਿਸਮ ਦੀ ਹੀਰੋਇਨ ਦੀ ਭਾਲ ਸੀ। ਮੈਂ ਨੋਟਿਸ ਬੋਰਡ 'ਤੇ ਨਾਟਕ ਵਿਚ ਭਾਗ ਲੈਣ ਲਈ ਇਕ ਨੋਟਿਸ ਲਗਵਾਇਆ। ਤੇ ਅਗਲੇ ਦਿਨ ਜਦੋਂ ਮੈਂ ਆਪਣੀ ਕਲਾਸ ਵਿਚ ਜਾਣ ਲੱਗਾ ਤਾਂ ਅਚਾਨਕ ਉਹ ਮੇਰੇ ਕੋਲ ਆਈ ਤੇ ਮੁਸਕਾਰ ਕੇ ਕਹਿਣ ਲੱਗੀ, "ਜੇਕਰ ਤੁਸੀਂ ਚਾਹੋ ਤਾਂ ਮੈਂ 'ਇਕਰਾਰਾਂ ਵਾਲੀ ਰਾਤ' ਦੀ ਹੀਰੋਇਨ ਦਾ ਰੋਲ ਕਰਾਂਗੀ।" ਉਸ ਪਹਿਲੀ ਤੱਕਣੀ ਵਿੱਚ ਵੀ ਮੈਨੂੰ ਮੇਰੇ ਨਾਟਕ ਦੀ ਨਾਇਕਾ ਪ੍ਰਤੱਖ ਰੂਪ ਵਿੱਚ ਨਜ਼ਰੀਂ ਆਈ। ਨਾਟਕ ਵਿਚ ਹੀਰੋਇਨ ਦਾ ਨਾਂ ਨੂਰਾਂ ਸੀ। ਤੇ ਉਹ ਨੂਰਾਂ ਜਿਵੇਂ ਮੇਰੇ ਸਾਹਮਣੇ ਖੜ੍ਹੀ ਸੀ। ਮੈਂ ਉਸ ਨੂੰ ਹਾਂ ਕਹਿ ਦਿੱਤੀ। ਉਸੇ ਨੇ ਸ਼ੁਕਰਾਨੇ ਵਜੋਂ ਸ਼ਾਮ ਦੀ ਚਾਹ ਆਪਣੇ ਘਰ ਲੈਣ ਲਈ ਮੈਨੂੰ ਕਿਹਾ। ਮੈਂ ਹੁੰਗਾਰਾ ਭਰ ਦਿੱਤਾ।

...ਤੇ ਸ਼ਾਮ ਦੀ ਉਹ ਘੜੀ। ਮੈਂ ਸੰਗਦੇ-ਸੰਗਦੇ ਨੇ ਉਸ ਦੇ ਘਰ ਦੀ ਕਾਲ ਬੈਲ 'ਤੇ ਆਪਣੀ ਉਂਗਲ ਰੱਖੀ। ਬੈੱਲ ਦੀ ਟਰਨ-ਟਰਨ ਦੀ ਅੰਦਰ ਹੁੰਦੀ ਆਵਾਜ਼ ਨਾਲ ਮੇਰੇ ਦਿਲ ਦੀ ਧੜਕਣ ਧੜੱਕ-ਧੜੱਕ ਕਰਨ ਲੱਗੀ। ਤੇ ਫਿਰ ਇਕ ਪਾਮੇਰੀਅਨ ਨਸਲ ਦੇ ਦੁੱਧ ਚਿੱਟੇ ਕੁੱਤੇ ਨੂੰ ਆਪਣੀ ਗੋਦ ਵਿੱਚ ਚੁੱਕੀ, ਉਸਨੇ ਆਪਣੇ ਹੀ ਡਰਾਇੰਗ ਰੂਪ ਦਾ ਦਰਵਾਜ਼ਾ ਖੋਲ੍ਹਿਆ। ਉਸ ਨੂੰ ਸਾਹਮਣੇ ਖਲੋਤਾ ਦੇਖਕੇ ਮੇਰੇ ਦੋਵੇਂ ਹੱਥ ਨਮਸ਼ਕਾਰ ਦੀ ਸ਼ਕਲ ਵਿੱਚ ਜੁੜ ਗਏ। ਪਰ ਉਸ ਨੇ ਉਸ ਨਮਸਕਾਰ ਦਾ ਜਵਾਬ 'ਹੈਲੋ' ਵਿਚ ਦੇ ਕੇ ਮੈਨੂੰ ਅੰਦਰ ਆਉਣ ਲਈ ਕਿਹਾ। ਮੈਂ ਪੋਲੇ ਪੋਲੇ ਕਦਮੀਂ ਉਸਦੇ ਪਿਛੇ ਹੋ ਟੁਰਿਆ।

ਉਸ ਦਾ ਡਰਾਇੰਗ ਰੂਮ-ਵੱਡੇ ਘਰਾਣੇ ਦੀ ਰਹਿਣੀ-ਬਹਿਣੀ ਦਾ ਸਬੂਤ ਦਿੰਦਾ ਸੀ। ਇਸ ਤੋਂ ਪਹਿਲਾਂ ਕਿ ਉਹ ਮੈਨੂੰ ਬੈਠਣ ਲਈ ਕਹਿੰਦੀ, ਉਸ ਦੀ ਮੰਮੀ ਨੇ ਅੰਦਰ ਦੇ ਦਰਵਾਜ਼ੇ ਦਾ ਪਰਦਾ ਹਟਾ ਕੇ ਡਰਾਇੰਗ ਰੂਮ ਵਿਚ ਕਦਮ ਰਖਿਆ। ਇਕ ਵਾਰ ਫਿਰ ਐਟੀਕੇਟਸ ਦਾ ਖਿਆਲ ਕਰਦਿਆਂ ਉਠ ਕੇ ਮੈਂ ਦੋਵੇਂ ਹੱਥ ਜੋੜ ਦਿੱਤੇ। ਇਸ ਤੋਂ ਪਹਿਲਾਂ ਕਿ ਉਸ ਦੀ ਮੰਮੀ ਕੁਝ ਕਹਿੰਦੀ, ਉਹ ਪਾਮੇਰੀਅਨ ਕੁੱਤੇ ਵਾਲੀ ਨੇ ਮੇਰਾ ਪਰਿਚੈ ਕਰਵਾਉਂਦਿਆਂ ਕਿਹਾ, "ਮੰਮੀ, ਇਹ ਨੇ ਮਿਸਟਰ ਸਿੰਘ ਜਿਨ੍ਹਾਂ ਦੇ ਡਰਾਮੇ ਵਿੱਚ ਮੈਂ ਹਿੱਸਾ ਲੈਣ ਲਈ ਆਲ ਇੰਡੀਆ ਰੇਡੀਓ ਜਲੰਧਰ ਜਾ ਰਹੀ ਹਾਂ।"

"ਓਹ! ਵੈਰੀ ਗੁੱਡ-ਵੈਰੀ ਗੁੱਡ। ਬੈਠੋ ਬੇਟਾ। ਬੇਬੀ ਤੁਹਾਡੀ ਬਹੁਤ ਤਾਰੀਫ਼ ਕਰ ਰਹੀ ਸੀ। ਹਾਂ! ਕੀ ਨਾਂ ਹੈ ਤੁਹਾਡੇ ਉਸ ਪਲੇਅ ਦਾ ਜੋ ਤੁਸੀਂ ਕੰਪੀਟੀਸ਼ਨ ਵਿਚ ਲੈ ਜਾ ਰਹੇ ਹੋ?" ਉਸ ਦੀ ਮੰਮੀ ਨੇ ਬੇਤਕੱਲਫੀ ਦਾ ਅਹਿਸਾਸ ਕਰਾਉਂਦਿਆਂ ਪੁੱਛਿਆ। 'ਇਕਰਾਰਾਂ ਵਾਲੀ ਰਾਤ।' ਮੈਂ ਸੰਗਦੇ-ਸੰਗਦੇ ਨੇ ਹੌਲੀ ਜਿਹੀ ਹੁੰਗਾਰਾ ਭਰਿਆ। "ਬੜਾ ਅੱਛਾ ਨਾਂ ਹੈ ਮਿਸਟਰ ਸਿੰਘ। ਵਿਸ਼ ਯੂ ਬੈਸਟ ਆਫ਼ ਲੱਕ।" ਉਸ ਦੀ ਮੰਮੀ ਨੇ ਮੇਰੇ ਮੋਢੇ ਨੂੰ ਥਪਥਪਾਇਆ ਤੇ ਫਿਰ ਬੇਬੀ ਨੂੰ ਚਾਹ ਪਿਲਾਉਣ ਲਈ ਕਹਿ ਕੇ ਆਪ ਡਰਾਇੰਗ ਰੂਮ ਤੋਂ ਬਾਹਰ ਹੋ ਗਈ। ਮੈਂ ਇਕ ਲੰਮਾ ਸਾਰਾ ਸਾਹ ਲਿਆ ਤੇ ਫਿਰ ਨਾਲ ਹੀ ਪਏ ਮਖਮਲੀ ਸੋਫੇ 'ਤੇ ਬੈ ਠ ਗਿਆ। ਮੈਨੂੰ ਉਸ ਵੇਲੇ ਮਹਿਸੂਸ ਹੋਇਆ ਜਿਵੇਂ ਮੈਂ ਕਿਸੇ ਪਰਚੇ ਨੂੰ ਦੇ ਕੇ ਐਗਜ਼ਾਮੀਨੇਸ਼ਨ ਹਾਲ 'ਚੋਂ ਬਾਹਰ ਆ ਗਿਆ ਹੋਵਾਂ।.....

ਚਾਹ ਦੇ ਪਿਆਲਿਆਂ ਦਾ ਉਹ ਮਿਲਨ, ਹੌਲੀ-ਹੌਲੀ ਸਾਨੂੰ ਨੇੜੇ ਲੈ ਆਇਆ। ਇਕ ਤਰ੍ਹਾਂ ਨਾਲ ਮੈਂ ਵੀ ਉਸ ਫੈਮਿਲੀ ਮੈਂਬਰ ਜਿਹਾ ਬਣ ਗਿਆ। ਉਪ ਪਾਮੇਰੀਅਨ ਕੁੱਤੇ ਵਾਲੀ ਨੇ ਸਭ ਸੰਗਾਂ ਉਤਾਰ ਕੇ ਮੇਰੀ ਸੰਗਦੀ-ਸੰਗਦੀ ਮੁਹੱਬਤ ਨੂੰ ਆਪਣੇ ਖੁੱਲ੍ਹੇ ਪਿਆਰ ਦੇ ਕਲਬੂਤ ਵਿਚ ਲੈ ਲਿਆ। ਉਹ ਦਿਨ ਜਿਵੇਂ ਚੰਨ ਦੇ ਤਾਰਿਆਂ ਦੀ ਰੋਸ਼ਨੀ ਨਾਲ ਨਹਾ ਗਏ। ਹਰ ਪਲ ਮਹਿਕਿਆ-ਮਹਿਕਿਆ, ਨਸ਼ਿਆਇਆ-ਨਸ਼ਿਆਇਆ।

ਕੁਝ ਰਿਹਰਸਲਾਂ ਪਿਛੋਂ ਮੈਂ ਪੂਰੀ ਟੀਮ ਨਾਲ ਰੇਡੀਓ ਜਲੰਧਰ ਸਟੇਸ਼ਨ ਨਾਟਕ ਦੀ ਰਿਕਾਡਿੰਗ ਲਈ ਜਾ ਪਹੁੰਚਿਆ। ਉਸ ਟੀਮ ਵਿਚ ਮੇਰੀ ਸੁਪਨਪਰੀ ਦੇ ਨਾਲ-ਨਾਲ ਇਕ ਹੋਰ ਕੁੜੀ ਸੋਮਾ ਵੀ ਸੀ। ਉਹ ਉਸ ਦੀ ਕਲਾਸਫੈਲੋ ਸੀ। ਗੋਰਾ ਨਿਛੋਹ ਰੰਗ, ਜਿਵੇਂ ਕਸ਼ਮੀਰੀ ਡਲੀਸ਼ਿਅਸ ਸੇਬ ਜਿਸਦੀਆਂ ਬੁਲ੍ਹੀਆਂ 'ਤੇ ਹਰਦਮ ਮੁਸਕਰਾਹਟ ਦਾ ਪੰਛੀ ਖੇਡਦਾ ਰਹਿੰਦਾ। ਇਸਨੂੰ ਮੈਂ ਨਾਇਕਾ ਦੀ ਸਹੇਲੀ ਦੇ ਰੋਲ ਵਿਚ ਲਿਆ ਸੀ ਜਿਸਦਾ ਨਾਟਕੀ ਨਾਂ ਸੀ ਸੋਨੀਆ। ਰੋਲ ਕਰਦਿਆਂ ਉਹ ਕਈ ਵਾਰ ਹੱਸ ਪੈਂਦੀ ਜਿਸ ਕਰਕੇ ਮੈਨੂੰ ਕਈ ਵਾਰ ਰਿਹਰਸਲਾਂ ਕਰਵਾਉਣ ਵਿਚ ਜ਼ਰਾ ਬੋਰੀਅਤ ਮਹਿਸੂਸ ਨਾ ਹੁੰਦੀ। ਮੈਂ ਆਪ ਵੀ ਉਸ ਨਾਟਕ ਵਿਚ ਨਾਇਕ ਦਾ ਰੋਲ ਕਰ ਰਿਹਾ ਸੀ। ਨਾਟਕ ਦਾ ਸਬਜੈਕਟ ਨਿਰੋਲ ਖੁਲ੍ਹੇ ਅੰਬਰੀਂ ਉਡਾਰੀਆਂ ਭਰਦਾ ਪਿਆਰ ਸੀ।



ਦੋ ਦਿਨਾਂ ਪਿਛੋਂ ਕੁਝ ਰਿਹਰਸਲਾਂ ਤੋਂ ਬਾਅਦ, ਨਾਟਕ ਰਿਕਾਰਡ ਕਰਵਾ ਕੇ ਅਸੀਂ ਵਾਪਸ ਆਪਣੇ ਸ਼ਹਿਰ ਪਟਿਆਲਾ ਪਰਤ ਆਏ। ਰੇਡੀਓ ਸਟੇਸ਼ਨ ਦੇ ਸਟੂਡੀਓ ਵਿਚ ਕੀਤੀਆਂ ਰਿਹਰਸਲਾਂ ਤੇ ਰਿਕਾਰਡਿੰਗ ਦਾ ਨਸ਼ਾ ਸਾਡੇ ਸਭ ਪਾਤਰਾਂ ਵਿਚ ਕਈ ਦਿਨਾਂ ਤਕ ਸਮਾਇਆ ਰਿਹਾ। ਜਦੋਂ ਵੀ ਕਿਧਰੇ ਕੋਈ ਆਪਸ ਵਿਚ ਮਿਲਦਾ ਇਕ ਨੇੜਤਾ ਦਾ ਅਹਿਸਾਸ ਮਹਿਸੂਸ ਕਰਦਾ। ਸਾਰੇ ਹੀ ਮੁਕਾਬਲੇ ਦੇ ਨਤੀਜੇ ਨਿਕਲਣ ਦੀ ਉਡੀਕ ਵਿਚ ਸਾਂ। ਤੇ ਅਚਾਨਕ ਇਕ ਸ਼ਾਮ ਛੇ ਵੱਜ ਕੇ ਦਸ ਮਿੰਟ 'ਤੇ ਜਲੰਧਰ ਰੇਡੀਓ ਦੇ ਪ੍ਰਾਦੇਸ਼ਿਕ ਸਮਾਚਾਰਾਂ ਵਿਚ ਮੈਨੂੰ ਸੁਣਾਈ ਦਿੱਤਾ- "ਨਾਟਕਾਂ ਦੇ ਅਖਿਲ ਭਾਰਤੀ ਮੁਕਾਬਲਿਆਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਟਕ 'ਇਕਰਾਰਾਂ ਵਾਲੀ ਰਾਤ' ਨੂੰ ਪਹਿਲੇ ਦਰਜੇ 'ਤੇ ਚੁਣਿਆ ਗਿਆ ਹੈ। ਛੇਤੀ ਹੀ ਇਹ ਨਾਟਕ ਜਲੰਧਰ ਤੋਂ ਪ੍ਰਸਾਰਿਤ ਕੀਤਾ ਜਾਵੇਗਾ।" ਸੁਣ ਕੇ ਮੈਂ ਉਡਦਾ-ਉਡਦਾ ਆਪਣੀ ਨਾਇਕਾ ਦੇ ਘਰ ਪਹੁੰਚਿਆ। ਉਸਨੂੰ ਇਹ ਖੁਸ਼ਖਬਰੀ ਦੇਣ ਲਈ ਮੇਰਾ ਅੰਗ-ਅੰਗ ਫੜਕ ਰਿਹਾ ਸੀ।

ਤੇ ਫਿਰ ਬਗੈਰ ਕਿਸੇ ਐਟੀਕੇਟਸ ਦਾ ਖਿਆਲ ਕੀਤੇ, ਮੈਂ ਬਿਨਾਂ ਉਸ ਦੇ ਘਰ ਦੀ ਕਾਲ ਬੈੱਲ ਵਜਾਏ, ਉਸਦੇ ਵਿਹੜੇ ਜਾ ਵੜਿਆ। ਨੌਕਰ ਨੇ ਦੱਸਿਆ ਕਿ ਵੱਡੀ ਮੇਮਸਾਬ੍ਹ ਤੇ ਸਾਹਿਬ ਤਾਂ ਕਿਸੇ ਦੇ ਘਰ ਡਿਨਰ ਲਈ ਗਏ ਹਨ ਤੇ ਬੇਬੀ ਮੇਮਸਾਬ੍ਹ ਆਪਣੇ ਕਮਰੇ ਵਿਚ ਪਿਆਨੋ ਵਜਾ ਰਹੇ ਹਨ। ਮੈਂ ਤੇਜ਼ੀ ਨਾਲ ਉਸ ਦੇ ਕਮਰੇ ਵਿੱਚ ਦਾਖ਼ਿਲ ਹੋ ਗਿਆ। ਉਪ ਪਿਆਨੋ ਵਜਾ ਰਹੀ ਸੀ। ਮੈਂ ਸਾਹ ਚੜ੍ਹੀ ਆਵਾਜ਼ ਵਿੱਚ ਬੋਲਿਆ, "ਕਾਂਗਰੇਚੁਲੇਸ਼ਨਜ਼"! ਉਹ ਇਕ ਦਮ ਮੇਰੇ ਵਲ ਪਰਤੀ। ਪਿਆਨੋ ਬੰਦ ਕਰਕੇ ਪੁੱਛਿਆ, "ਕਾਹਦੀ ਕਾਂਗਰੇਚੁਲੇਸ਼ਨ ਮਿਸਟਰ ਸਿੰਘ?" "ਹੁਣੇ-ਹੁਣੇ ਰੇਡੀਓ ਤੋਂ ਸਾਡੇ ਨਾਟਕ ਦੇ ਫਸਟ ਆਉਣ ਦੀ ਨਿਊਜ਼ ਬ੍ਰਾਡਕਾਸਟ ਹੋਈ ਹੈ। ਮੈਂ ਆਪ ਸੁਣ ਕੇ ਆ ਰਿਹਾ ਹਾਂ।" ਮੈਂ ਬੜੀ ਗਰਮਜ਼ੋਸ਼ੀ ਵਿੱਚ ਰਿਹਾ।

"ਸੱਚ?" ਉਸ ਨੂੰ ਜਿਵੇਂ ਯਕੀਨ ਨਾ ਆਇਆ।

"ਅਸਲੋਂ ਸੱਚ!" ਮੈਂ ਮੁਸਕਰਾ ਕੇ ਯਕੀਨ ਦਿਵਾਇਆ। ਇਹ ਸੁਣ ਉਹ ਹਵਾ ਦੀ ਤਰ੍ਹਾਂ ਤੈਰਦੀ ਹੋਈ ਮੇਰੇ ਨਜ਼ਦੀਕ ਸਰਕ ਆਈ ਤੇ ਮੇਰੇ ਦੋਹਾਂ ਹੱਥਾਂ ਨੂੰ ਆਪਣੇ ਗੁਟਕਦੇ ਹੱਥਾਂ ਵਿੱਚ ਲੈ ਕੇ ਇਕ ਕੋਸਾ-ਕੋਸਾ ਬੋਸਾ ਦੇ ਦਿੱਤਾ ਮੈਂ ਜਿਵੇਂ ਸ਼ਹਿਦ-ਸ਼ਹਿਦ ਹੋ ਗਿਆ।

"ਕਦੋਂ ਬ੍ਰਾਡਕਾਸਟ ਹੋਵੇਗਾ?" ਉਸ ਪੁੱਛਿਆ।

"ਅਜੇ ਡੇਟ ਨਹੀਂ ਦੱਸੀ। ਛੇਤੀ ਹੀ ਸਾਨੂੰ ਇਤਲਾਹ ਆ ਜਾਵੇਗੀ। ਹੁਣ ਤੁਸੀਂ ਫਟਾ ਫਟ ਮੂੰਹ ਮਿੱਠਾ ਕਰਾਓ।" ਮੈਂ ਖੁਸ਼ੀ ਵਿਚ ਉਸ ਦੀਆਂ ਉਂਗਲੀਆਂ ਨੂੰ ਦਬਾਉਂਦਿਆਂ ਹੋਇਆਂ ਕਿਹਾ। ਉਸਨੇ ਮੁਸਕਰਾ ਕੇ ਮੈਨੂੰ ਬੈਠਣ ਦਾ ਇਸ਼ਾਰਾ ਕੀਤਾ ਤੇ ਫਿਰ ਨੌਕਰ ਨੂੰ ਆਵਾਜ਼ ਦੇ ਕੇ ਕਾਫ਼ੀ ਲਿਆਉਣ ਲਈ ਕਿਹਾ। ਕੁਝ ਘੜੀਆਂ ਅਸੀਂ ਉਂਜ ਦੇ ਉਂਜ ਜਿਵੇਂ ਕਿਸੇ ਅਦ੍ਰਿਸ਼ ਖਵਾਬਗਾਹ ਵਿਚ ਬੈਠਾ ਮਹਿਸੂਸਦੇ ਰਹੇ। ਉਸਦੀ ਤੱਕਣੀ ਵਿਚ

ਅਨੋਖੇ ਸੁਪਨੀਲੇ ਪ੍ਰਸ਼ਨ ਤੇ ਉੱਤਰ ਗਡਮਡ ਜਿਹੇ ਹੋਏ ਤੈਰਦੇ ਰਹੇ ਕਿ ਅਚਾਨਕ ਉਸਦਾ ਉਹੀ ਜਿਵੇਂ ਵਧੀਆ ਸ਼ੈਂਪੂ ਨਾਲ ਮਲ-ਮਲ ਧੋਤਾ ਚਿੱਟਾ ਪਾਮੇਰੀਅਨ ਕੁੱਤਾ ਬਾਹਰੋਂ ਆ ਕੇ ਟਪੂਸੀ ਮਾਰ, ਉਸ ਦੀ ਗੋਦ ਵਿਚ ਜਾ ਬੈਠਾ। ਤੇ ਉਹ ਉਸਦੇ ਸਾਰੇ ਜਿਸਮ ’ਤੇ ਬੜੇ ਪਿਆਰ ਨਾਲ ਹੱਥ ਫੇਰ ਲੱਗ ਪਈ। ਉਸ ਦੇ ਹੱਥ ਫੇਰਨ ਦੇ ਅੰਦਾਜ ਨੂੰ ਦੇਖ, ਮੇਰੇ ਪਿੰਡ ਵਿਚ ਇਕ ਝੁਣਝੁਣੀ ਜਿਹੀ ਕਿਸੇ ਠੰਡੀ ਲਹਿਰ ਵਾਂਗ ਉਤਰਨ ਲੱਗੀ ਤੇ ਮੈਂ ਉਸ ਤੋਂ ਪਰੇਸ਼ਾਨ ਪਾਸੇ ਪਰਤਣ ਲੱਗ ਪਿਆ। ਮੇਰੀ ਉਸ ਪਰੇਸ਼ਾਨੀ ਨੂੰ ਸ਼ਾਇਦ ਉਹ ਭਾਂਪ ਗਈ ਸੀ। ਤਾਂ ਹੀ ਉਹ ਇਕ ਦਮ ਕਹਿਕਹਾ ਮਾਰ ਕੇ ਜ਼ੋਰ ਦੀ ਹੱਸ ਪਈ ਤੇ ਫਿਰ ਕੁੱਤੇ ਨੂੰ ਹੇਠਾਂ ਕਾਲੀਨ ’ਤੇ ਛੱਡ ਕੇ, ਆਪ ਨੌਕਰ ਰਾਹੀਂ ਲਿਆਂਦੀ ਗਈ ਕਾਫ਼ੀ ਵਿਚ ਉਠ ਕੇ ਚੀਨੀ ਮਿਲਾਉਣ ਲੱਗ ਪਈ। ਪਿਆਲਿਆਂ ਵਿਚ ਚੀਨੀ ਨੂੰ ਚਮਚ ਨਾਲ ਹਿਲਾਉਂਦਿਆਂ ਉਸ ਦੀਆਂ ਉਂਗਲਾਂ ਇਉਂ ਪ੍ਰਤੀਤ ਹੋ ਰਹੀਆਂ ਸਨ ਜਿਉਂ ਕੋਈ ਪੰਜ ਕੂੰਜਾਂ ਦੀ ਡਾਰ ਮਲਕੜੇ ਜਿਹੇ ਉਤਰ ਕੇ ਪਿਆਲਿਆਂ ਉਤੇ ਗੁਟਰਗੂੰ-ਗੁਟਰਗੂੰ ਕਰ ਰਹੀ ਹੋਵੇ।....

ਤੇ ਮੁੜ ਪਤਾ ਹੀ ਨਾ ਲੱਗਾ ਕਿ ਕਿੰਜ ਦੋ ਸਾਲ ਪੜ੍ਹਾਈ ਦੇ ਪੂਰੇ ਹੋ ਗਏ। ਡਿਗਰੀ ਲੈਣ ਤੋਂ ਬਾਅਦ ਅਚਾਨਕ ਉਸ ਦਾ ਮੁੱਖ ਕਿਸੇ ਹੋਰ ਦਾ ਹੋ ਗਿਆ ਤੇ ਮੈਂ ਇਕ ਸਰਦ ਆਹ ਭਰ ਉਸਦੀਆਂ ਰਾਹਾਂ ਛੱਡ ਦਿੱਤੀਆਂ। ਪਰ ਹਾਂ! ਉਸ ਮੈਨੂੰ ਮੁੜ ਵੀ ਏਨਾ ਹੱਕ ਜ਼ਰੂਰ ਦੇ ਦਿੱਤਾ ਕਿ ਮੈਂ ਉਸ ਦੀ ਯਾਦ ਨਾਲ ਸਾਰੀ ਉਮਰਾਂ ਰਿਸ਼ਤਾ ਜ਼ਰੂਰ ਗੰਢੀ ਰੱਖਾਂ। ਤੇ ਉਸਦਾ ਬਖਸ਼ਿਆ ਉਹ ਹੱਕ ਅਜੇ ਤੱਕ ਮੇਰੀ ਰੂਹ ਵਿਚ ਵਸਿਆ ਹੋਇਆ ਹੈ। ਜਦੋਂ ਵੀ ਕੋਈ ਪਲ ਉਸਦੀ ਯਾਦ ਨਾਲ ਕਿਸੇ ਪਾਸਿਓਂ ਆ ਕੇ ਮੇਰੇ ਨਾਲ ਆ ਲਿਪਟਦਾ ਹੈ ਤਾਂ ਮੈਨੂੰ ਜਾਪਦਾ ਹੈ ਜੀਕਣ ਮੈਂ ਮੁੜ ਬਤਾਲੀ ਸਾਲ ਪਹਿਲਾਂ ਦੀ ਦੁਨੀਆਂ ਵਿਚ ਪਰਤ ਗਿਆ ਹੋਵਾਂ। ਜਿਥੇ ਮੇਰੀ ਉਹ ਸੁਪਨ ਪਰੀ ਹੈ-ਮੈਂ ਹਾਂ! ਨਹੀਂ ਜਾਣਦਾ ਹੁਣ ਉਹ ਕਿਥੇ ਹੈ ਪਰ ਉਸਦੇ ਸਰੂ ਵਰਗੇ ਲੰਮੇ ਕੱਦ, ਤਿੱਖੇ ਨਖਸ਼ਿਖ ਤੇ ਉਸਦਾ ਖੁੱਲ੍ਹਾ-ਖੁੱਲ੍ਹਾ ਹਾਸਾ, ਅੱਜ ਵੀ ਕਿਸੇ ਅਮਾਨਤ ਦੇ ਰੂਪ ਵਿੱਚ ਮੈਨੂੰ ਗਰਮਾਇਆ ਕਰਦਾ ਹੈ ਤੇ ਜਦੋਂ ਵੀ ਮੌਸਮ ਬਦਲਣ ਲਗਦਾ ਹੈ ਤਾਂ ਉਸਦੀ ਯਾਦ ਆਪਣੇ ਪੈਰੀਂ ਮੁਹੱਬਤ ਦੀਆਂ ਝਾਂਝਰਾਂ ਪਾਈ, ਛਮ-ਛਮ ਕਰਦੀ ਕਿਸੇ ਪਾਸਿਓਂ ਟੁਰ ਕੇ ਮੇਰੇ ਸਾਹਮਣੇ ਆ ਖਲੋਂਦੀ ਹੈ। ਉਸ ਵਕਤ ਮੈਂ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਵੱਡਾ, ਮੁਹੱਬਤ ਦੀ ਦੌਲਤ ਨਾਲ ਮਾਲਾ-ਮਾਲ ਅਮੀਰ ਆਦਮੀ ਸਮਝਣ ਲੱਗ ਪੈਂਦਾ ਹੈ। ਪਰ ਜਦੋਂ ਉਹੀ ਪਲ ਅਚਾਨਕ ਚੀਸ ਬਣ ਜਾਂਦੇ ਹਨ ਤਾਂ ਮੈਂ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਵੱਡਾ, ਮੁਹੱਬਤ ਦੀ ਸੱਟ ਨਾਲ ਜ਼ਖਮੀ ਹੋਇਆ ਕੰਗਾਲ ਆਦਮੀ ਸੋਚਣ ਲੱਗ ਪੈਂਦਾ ਹਾਂ। ਉਸ ਵਕਤ ਖ਼ਿਆਲ ਆਉਂਦਾ ਹੈ-ਇਹ ਕੰਬਖ਼ਤ ਮੁਹੱਬਤ ਵੀ ਕੀ ਚੰਦਰੀ ਸ਼ੈਅ ਹੈ ਜਿਹੜੀ ਕਿਸੇ ਪ੍ਰੇਤ ਆਤਮਾ ਵਾਂਗ ਤੁਹਾਡੀ ਆਤਮਾ ਨੂੰ ਸਾਰੀ ਹਯਾਤੀ ਲਈ ਕਚੋਟਦੀ ਰਹਿੰਦੀ ਹੈ? ਪਰ ਉਸ ਸੁਆਲ ਦੇ ਜਵਾਬ ਦੀ ਥਾਂ ਕਿਸ਼ੋਰ ਕੁਮਾਰ ਦੇ ਗਾਏ ਗੀਤ “ਕੋਈ ਲੌਟਾ ਦੇ ਮੇਰੇ ਵੋ ਬੀਤ ਹੁਏ ਦਿਨ” ਜ਼ਿਹਨ ਵਿਚੋਂ ਉਭਰ ਕੇ ਹੋਠਾਂ ’ਤੇ ਥਿਰਕ ਪੈਂਦੇ ਹਨ ਤੇ ਅੱਖਾਂ ਵਿਚੋਂ ਦੋ ਹੰਝੂ ਤਿਲਕ ਕੇ ਜਿਵੇਂ ਕਹਿ ਰਹੇ ਹੋਣ ਜੇ ਤੂੰ ਇੰਜ ਹੀ ਬੀਤੇ ਹੋਏ ਦਿਨਾਂ ਨੂੰ ਸਾਂਭੀ ਰੱਖੇਗਾ ਤਾਂ ਜ਼ਿੰਦਗੀ ਭਰ ਮਹਿਕਦਾ ਰਹੇਗਾ। ਯਾਦਾਂ ਦੇ ਬੂਹੇ ’ਤੇ ਦਿੱਤੀ ਦਸਤਕ ਕਦੀ ਰੂਹ ਨੂੰ ਉਦਾਸ ਨਹੀਂ ਹੋਣ ਦੇਵੇਗੀ। ਆਮੀਨ

- 094660-02336

◆◆◆

# ਮਿੰਨੀ ਕਹਾਣੀਆਂ

## ਸ਼ੁਕਰਾਨਾ

ਨਵਨੀਤ ਆਪਣੀ ਈਵਨਿੰਗ ਕਲਾਸ ਤੋਂ ਵਿਹਲੇ ਹੁੰਦੇ ਹੀ ਰੋਜ਼ਾਨਾ ਗੁਰਦੁਆਰਾ ਸਾਹਿਬ ਮੱਥਾ ਟੇਕਣ ਚਲੀ ਜਾਂਦੀ ਪਰ ਪਿਛਲੇ ਕੁਝ ਦਿਨਾਂ ਤੋਂ ਉਹ ਨੋਟ ਕਰ ਰਹੀ ਸੀ ਕਿ ਇੱਕ ਬਦਮਾਸ਼ ਜਿਹਾ ਲਗਦਾ ਮੁੰਡਾ ਉਸਦਾ ਪਿੱਛਾ ਕਰ ਰਿਹਾ ਹੈ ਉਹ ਕਦੇ ਉਸਦੇ ਕੋਚਿੰਗ ਸੈਂਟਰ ‘ਤੇ ਕਦੇ ਗੁਰਦੁਆਰਾ ਸਾਹਿਬ ਦੇ ਬਾਹਰ ਖੜ੍ਹਾ ਹੁੰਦਾ

ਪਰ ਅੱਜ ਤਾਂ ਉਸ ਮੁੰਡੇ ਨੇ ਹੱਦ ਹੀ ਕਰ ਦਿੱਤੀ ਸੈਂਟਰ ਤੋਂ ਬਾਹਰ ਨਿਕਲਦੇ ਹੀ ਉਸ ਮੁੰਡੇ ਨੇ ਉਸਦਾ ਰਾਹ ਰੋਕ ਲਿਆ; “ਮੈਂ ਤੈਨੂੰ ਬਹੁਤ ਪਿਆਰ ਕਰਦਾਂ, ਬਹੁਤ ਚੰਗੀ ਲੱਗਦੀ ਐ ਤੂੰ ਮੈਨੂੰ

“ਬਕਵਾਸ ਬੰਦ ਕਰ ਮੈਨੂੰ ਤੇਰੇ ‘ਚ ਕੋਈ ਦਿਲਚਸਪੀ ਨਹੀਂ, “ਨਵਨੀਤ ਨੇ ਗੁੱਸੇ ‘ਚ ਚੀਕਦੇ ਉਸਨੂੰ ਸਖਤ ਮਨ੍ਹਾਂ ਕਰ ਦਿੱਤਾ ਦਿੱਖਣ ਨੂੰ ਬਦਮਾਸ਼ ਲਗਦਾ ਮੁੰਡਾ ਉਸਨੂੰ ਪੂਰਾ ਬਦਨੀਅਤ ਲੱਗਾ ਉਸਦੇ ਮਨ੍ਹਾ ਕਰਨ ਦੇ ਬਾਵਜੂਦ ਉਸ ਮੁੰਡੇ ਨੇ ਉਸਦਾ ਖਹਿੜਾ ਨਾ ਛੱਡਿਆ ਤੇ ਵਾਰ ਵਾਰ ਉਸਦਾ ਰਾਹ ਰੋਕਦਾ ਰਿਹਾ

ਕਈ ਮਹੀਨੇ ਬੀਤਦੇ ਗਏ ਦੁੱਖੀ ਹੋ ਕੇ ਨਵਨੀਤ ਨੇ ਉੱਥੋਂ ਕੋਚਿੰਗ ਕਲਾਸ ਵੀ ਬਦਲ ਲਈ ਪਰ ਉਹ ਉਸਦੇ ਮਗਰੋਂ ਨਾ ਲੱਥਾ ਘਰ ਉਹ ਡਰਦੀ ਨਹੀ ਸੀ ਦੱਸਦੀ ਕਿ ਘਰਦੇ ਉਸਦੀ ਕਲਾਸ ਬੰਦ ਹੀ ਨਾ ਕਰਵਾ ਦੇਣ ਉਹ ਪੜਣਾ ਚਾਹੁੰਦੀ ਸੀ ਦਿਨੇ ਘਰ ਦਾ ਸਾਰਾ ਕੰਮ ਤੇ ਸ਼ਾਮ ਨੂੰ ਹੀ ਕਲਾਸ ਵਿੱਚ ਜਾ ਸਕਦੀ ਸੀ ਪਰ ਉਹ ਰੱਬ ਅੱਗੇ ਜਰੂਰ ਅਰਦਾਸ ਕਰਦੀ

ਅੱਜ ਉਹ ਕਲਾਸ ਤੋਂ ਨਿਕਲੀ ਤਾਂ ਉਹ ਫਿਰ ਉੱਥੇ ਹੀ ਖੜ੍ਹਾ ਸੀ ਉਸਨੂੰ ਗੁੱਸੇ ਵਿੱਚ ਮੰਦੀ ਨਜ਼ਰ ਨਾਲ ਝਾਕਦਾ ਹੋਇਆ ਵੇਖ ਉਹ ਡਰ ਗਈ ਅੱਜ ਇਸਦੇ ਇਰਾਦੇ ਠੀਕ ਨਹੀਂ ਜਾਪਦੇ ਇਹੀ ਸੋਚਦੀ ਉਹ ਤੇਜ਼ੀ ਨਾਲ ਆਪਣੀ ਐਕਟੀਵਾ ‘ਤੇ ਗੁਰਦੁਆਰਾ ਸਾਹਿਬ ਚਲੀ ਗਈ ਉਸਦਾ ਅੰਦਰ ਜਿਵੇਂ ਵਲੂੰਧਰਿਆ ਪਿਆ ਸੀ ਕਿਉਂ ਇਹ ਮੇਰਾ ਖਹਿੜਾ ਨਹੀਂ ਛੱਡਦਾ ? ਕਿਉਂ ਇਹੋ ਜਿਹੇ ਮਰਦ ਔਰਤ ਦੇ ਰਾਹ ਦਾ ਅੜਿਕਾ ਬਣਦੇ

ਹਨ ਉਸਦੇ ਹੰਝੂ ਵਗਣ ਲੱਗੇ ਗੁਰਦੁਆਰੇ ਜਾਂਦਿਆਂ ਹੀ ਰੱਬ ਅੱਗੇ ਨਤਮਸਤਕ ਹੁੰਦਿਆਂ ਫੁੱਟ-ਫੁੱਟ ਰੋ ਪਈ "ਰੱਬਾ ਪਲੀਜ਼, ਇਸ ਬਦਮਾਸ਼ ਤੋਂ ਮੇਰੀ ਰੱਖਿਆ ਕਰ "

ਉਧਰ ਉਹ ਮੁੰਡਾ ਅੱਜ ਬਾਹਰ ਨਾ ਖੜ੍ਹਾ ਹੋ ਕੇ ਗੁਰਦੁਆਰੇ ਦੇ ਅੰਦਰ ਈ ਲੰਘ ਆਇਆ ਜੁੱਤੀ ਉਤਾਰ ਜਿਵੇਂ ਹੀ ਅੱਗੇ ਵਧਿਆ ਅਚਾਨਕ ਉਸਦਾ ਪੈਰ ਮੁੜ ਗਿਆ ਤੇ ਉਹ ਮੁੱਧੇ ਮੂੰਹ ਜ਼ਮੀਨ 'ਤੇ ਜਾ ਡਿੱਗਾ ਡਿੱਗਦੇ ਹੀ ਜ਼ੋਰ-ਜ਼ੋਰ ਦੀ ਚੀਕਾਂ ਮਾਰਨ ਲੱਗਾ ਕਿਉਂਕਿ ਉਸਦੀ ਪੈਂਟ ਦੀ ਜੇਬ 'ਚ ਪਈ ਕੱਚ ਦੀ ਤੇਜ਼ਾਬ ਦੀ ਬੋਤਲ ਉਸਦੇ ਡਿੱਗਦੇ ਹੀ ਟੁੱਟ ਗਈ ਸੀ ਉਸਦਾ ਪੇਟ ਅਤੇ ਲੱਤ ਪੂਰੀ ਤਰ੍ਹਾਂ ਸੜ ਕੇ ਜਖਮੀ ਹੋ ਗਏ

ਨਵਨੀਤ ਵੀ ਭੱਜ ਕੇ ਬਾਹਰ ਗਈ ਤੇ ਉਸ ਮੁੰਡੇ ਨੂੰ ਦੇਖਦੇ ਹੀ ਸਾਰਾ ਮਾਜਰਾ ਸਮਝ ਗਈ ਸੰਗਤ ਉਸ ਮੁੰਡੇ ਨੂੰ ਹਸਪਤਾਲ ਲਿਜਾ ਰਹੀ ਸੀ ਤੇ ਨਵਨੀਤ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਬੈਠੀ ਰੱਬ ਦਾ ਸ਼ੁਕਰਾਨਾ ਕਰ ਰਹੀ ਸੀ

**ਮਨਪ੍ਰੀਤ ਕੌਰ ਭਾਟੀਆ**

◆◆◆

## ਵੈਰਾਗ

ਉਸ ਔਰਤ ਨੂੰ ਮੈਂ ਗੁਰਦੁਆਰੇ ਦੇ ਬਾਹਰ ਇਕ ਕਨਫ਼ੈਕਸ਼ਨੀਰ ਦੀ ਦੁਕਾਨ ਤੋਂ ਆਪਣੇ ਬੱਚਿਆਂ ਲਈ ਚੌਕਲੇਟ ਤੇ ਪੇਸਟਰੀ ਲੈਂਦੇ ਦੇਖ ਰਿਹਾ ਸਾਂ। ਚਿਹਰਾ ਕੁਝ ਪਛਾਣਿਆ-ਪਛਾਣਿਆ ਜਾਪਿਆ। ਇਕ ਗਰੀਬੜਾ ਜਿਹਾ ਬੱਚਾ, ਜਿਸ ਨੇ ਪਾਟੀ ਹੋਈ ਕਮੀਜ਼ ਤੇ ਢਿੱਲੀ ਜਿਹੀ ਨਿੱਕਰ ਪਾਈ ਹੋਈ ਸੀ , ਦੁਕਾਨ ਦੇ ਸ਼ੋਅ-ਕੇਸ 'ਚ ਪਾਈਆਂ ਚੌਕਲੇਟਾਂ ਤੇ ਟਾਫ਼ੀਆਂ ਵੱਲ ਲਲਚਾਈਆਂ ਜਿਹੀਆਂ ਨਜ਼ਰਾਂ ਨਾਲ ਤੱਕ ਰਿਹਾ ਸੀ ਤੇ ਸ਼ੀਸ਼ੇ ਉਤੇ ਵਾਰ-ਵਾਰ ਹੱਥ ਫੇਰ ਰਿਹਾ ਸੀ। ਉਸ ਔਰਤ ਨੂੰ ਉਸ ਬੱਚੇ 'ਤੇ ਤਰਸ ਆ ਗਿਆ ਲਗਦਾ ਸੀ। ਗੁਰਦੁਆਰੇ ਤੋਂ ਆਈ ਹੋਣ ਕਾਰਣ, ਉਸ ਨੇ ਇਕ ਚੌਕਲੇਟ ਉਸ ਬੱਚੇ ਨੂੰ ਵੀ ਲੈ ਦਿੱਤੀ। ਉਹ ਟੱਪਦਾ ਹੋਇਆ, ਉਥੋਂ ਇਵੇਂ ਖ਼ੁਸ਼ੀ-ਖ਼ੁਸ਼ੀ ਦੌੜ ਗਿਆ, ਜਿਵੇਂ ਸਾਰੀ ਦੁਨੀਆ ਦਾ ਖ਼ਜ਼ਾਨਾ ਉਸ ਦੇ ਹੱਥ ਲੱਗ ਗਿਆ ਹੋਵੇ। ਮੈਨੂੰ ਇਹ ਸਭ ਦੇਖ ਕੇ ਬੜਾ ਚੰਗਾ-ਚੰਗਾ ਲੱਗਾ। ਦੂਜੇ ਪਾਸੇ ਬੱਚੇ ਦਾ ਮਨੋਵਿਗਿਆਨ ਵੀ ਕੁਝ-ਕੁਝ ਸਮਝ ਆ ਗਿਆ ਕਿ ਉਹ ਧਾਰਮਿਕ ਸਥਾਨਾਂ ਦੇ ਬਾਹਰ ਦੀਆਂ ਦੁਕਾਨਾਂ 'ਤੇ ਹੀ ਕਿਉਂ ਖੜ੍ਹਦੇ ਹਨ!

ਜਦੋਂ ਉਹ ਤੀਵੀਂ ਦੁਕਾਨ ਤੋਂ ਪਰਤੀ, ਤਾਂ ਹੁਣ ਉਸ ਦਾ ਚਿਹਰਾ ਮੈਨੂੰ ਸਾਫ਼ ਤੇ ਸਪੱਸ਼ਟ ਨਜ਼ਰੀਂ ਆ ਗਿਆ। ਇਹ ਤਾਂ ਸਾਡੇ ਗੁਆਂਢ ਦੀ ਉਹੀ ਤੀਵੀਂ ਸੀ, ਜਿਸ ਨੇ ਕੁਝ ਦਿਨ ਪਹਿਲਾਂ ਗ਼ਰੀਬ ਬੱਚਿਆਂ ਨੂੰ ਆਪਣੇ ਦਰੋਂ ਇਹ ਕਹਿ ਕੇ ਭਜਾਇਆ ਸੀ, "ਇੱਥੇ ਕੋਈ ਬਰਫ਼ ਦਾ ਕਾਰਖਾਨਾ ਲੱਗਿਆ ਹੋਇਐ, ਮੂੰਹ ਚੁੱਕ ਕੇ ਬਰਫ਼ ਮੰਗਣ ਆ ਜਾਂਦੇ ਐ,



ਜਦ ਮਰਜ਼ੀ। ਦਫ਼ਾ ਹੋ ਜਾਉ ਇੱਥੋਂ!" ਨਵੀਂ ਬਣ ਰਹੀ ਕਲੋਨੀ ਦੇ ਨੇੜੇ ਬਣੀਆਂ ਮਜ਼ਦੂਰ-ਕਾਮਿਆਂ ਦੀਆਂ ਕੁਝ ਝੁੱਗੀਆਂ 'ਚੋਂ ਛੋਟੇ-ਛੋਟੇ ਬੱਚੇ, ਤਪਦੀ ਤਿੱਖੜ ਦੁਪਹਿਰੇ, ਲੂੰਹਦੀ ਗਰਮੀ ਨਾਲ ਜਿਨ੍ਹਾਂ ਦੇ ਮੂੰਹ ਲਾਲ ਹੋਏ ਪਏ ਸਨ, ਪੌਲੀਥੀਨ ਦੇ ਖਾਲੀ ਲਿਫ਼ਾਫੇ ਫੜੀ, ਉਸੇ ਔਰਤ ਤੋਂ ਬੜੀ ਹਲੀਮੀ ਤੇ ਨਿਮਰਤਾ ਸਹਿਤ ਬਰਫ਼ ਦੀ ਮੰਗ ਕਰ ਰਹੇ ਸਨ।

**ਕਰਮਵੀਰ ਸਿੰਘ ਸੂਰੀ**

**98558-00103**

◆◆◆

## ਅਹੁਦੇ ਦਾ ਅਭਿਮਾਨ

"ਯਾਰ ਕੁਲਦੀਪ, ਤੂੰ ਤਾਂ ਕਹਿੰਦਾ ਸੀ, ਵਰਮਾ ਜੀ ਸੁਭਾਅ ਦੇ ਬੜੇ ਮਾੜੇ ਵਿਅਕਤੀ ਹਨ, ਬੜਾ ਖਰ੍ਹਵਾ ਬੋਲਦੇ ਹਨ ਤੇ ਕਿਸੇ ਦਾ ਕੰਮ ਕਰ ਕੇ ਵੀ ਰਾਜ਼ੀ ਨਹੀਂ ਪਰ ਮੈਂ ਤਾਂ ਦੇਖਿਆ ਹੈ ਕਿ ਉਨ੍ਹਾਂ ਵਰਗਾ ਨਰਮ, ਮਿਠਬੋਲੜਾ ਬੰਦਾ ਦੁਨੀਆ ਵਿੱਚ ਸ਼ਾਇਦ ਹੀ ਕੋਈ ਹੋਵੇ।"

"ਹੱਛਾ ਤੂੰ ਕਦੇ ਮਿਲਿਆ ਤਾਂ ਹੀ ਕਹਿ ਰਿਹਾਂ।"

"ਹਾਂ ਹਾਂ ਜੇ ਮਿਲਿਆ ਤਾਂ ਹੀ ਕਹਿ ਰਿਹਾਂ।"

"ਕਰਮ ਚੰਦ, ਮੈਂ ਉਨ੍ਹਾਂ ਦੇ ਅਧੀਨ ਦਸ ਸਾਲ ਤੋਂ ਵੀ ਵੱਧ ਸਮੇਂ ਤੱਕ ਕੰਮ ਕੀਤਾ। ਮੈਂ ਤਾਂ ਉਨ੍ਹਾਂ ਦੀ ਰਗ-ਰਗ ਤੋਂ ਵਾਕਫ਼ ਹਾਂ।"

"ਹਾਂ ਸੱਚ ਇਹ ਦੱਸ ਤੂੰ ਉਨ੍ਹਾਂ ਨੂੰ ਮਿਲਿਆ ਕਦੋਂ ਸੀ?"

"ਯਾਰ ਪਰਸੋਂ ਦੀ ਤਾਂ ਗੱਲ ਹੈ, ਪਹਿਲੀ ਅਗਸਤ ਨੂੰ?"

"ਹੱਛਾ ਪਹਿਲੀ ਅਗਸਤ ਨੂੰ?"

"ਪਹਿਲੀ ਅਗਸਤ ਹੋਵੇ ਜਾਂ ਦੋ ਅਗਸਤ ਹੋਵੇ ਕੀ ਕਰਕ ਪੈਂਦਾ?"

"ਪਹਿਲੀ ਅਗਸਤ ਜਾਂ ਦੋ ਅਗਸਤ ਨਾਲ ਤਾਂ ਕੋਈ ਫ਼ਰਕ ਨਹੀਂ ਪੈਂਦਾ ਪਰ ਇਕੱਤੀ ਜੁਲਾਈ ਤੇ ਪਹਿਲੀ ਅਗਸਤ ਨਾਲ ਬਹੁਤ ਫ਼ਰਕ ਪੈਂਦਾ।"

"ਉਹ ਕਿਵੇਂ?"

"ਇਕੱਤੀ ਜੁਲਾਈ ਨੂੰ ਤਾਂ ਵਰਮਾ ਜੀ ਰਿਟਾਇਰ ਹੋ ਚੁੱਕੇ ਸਨ। ਇਕ ਅਗਸਤ ਨੂੰ ਤਾਂ ਚਪੜਾਸੀ ਨੇ ਉਨ੍ਹਾਂ ਨੂੰ ਪਾਣੀ ਵੀ ਨਹੀਂ ਸੀ ਪੁੱਛਣਾ, ਫੇਰ ਤੇਰੇ ਨਾਲ ਕੌੜਾ ਕਿਵੇਂ ਬੋਲਦੇ?"

**ਰਘਬੀਰ ਸਿੰਘ ਮਹਿਮੀ**

**96460-24321**

◆◆◆

## ਸਵਾਲ

**ਭੀਮ ਸਿੰਘ ਗਰਚਾ**

ਤਬੀਅਤ ਖ਼ਰਾਬ ਹੋਣ ਕਰਕੇ ਬੇਬੇ ਨਿਹਾਲ ਕੌਰ ਕਈ ਦਿਨਾਂ ਤੋਂ ਮੰਜੇ ਤੇ ਹੀ ਪਈ ਸੀ। ਉਸ ਦੀ ਨੂੰਹ ਅਮਰੋ ਉਸ ਨਾਲ ਲੜਨ ਲਈ ਹਰ ਵੇਲੇ ਕੋਈ ਨਾ ਕੋਈ ਬਹਾਨਾ ਹੀ ਭਾਲਦੀ ਰਹਿੰਦੀ ਸੀ। ਜਦ ਉਹ ਬੇਬੇ ਨਾਲ ਉੱਚੀ ਆਵਾਜ਼ 'ਚ ਲੜ ਰਹੀ ਹੁੰਦੀ ਤਾਂ ਉਸ ਦਾ ਤੀਸਰੀ 'ਚ ਪੜ੍ਹ ਰਿਹਾ ਪੁਤੱਰ 'ਦੀਪਾ' ਇਕ ਦਮ ਘਬਰਾ ਜਾਂਦਾ ਤੇ ਕਦੀ ਕਦੀ ਉਹ ਰੋਣ ਵੀ ਲੱਗ ਪੈਂਦਾ ਸੀ।

ਇੱਕ ਦਿਨ ਅਮਰੋ ਬੇਬੇ ਨੂੰ ਚਾਹ ਦਾ ਕੱਪ ਫੜਾਉਣ ਲੱਗੀ ਤਾਂ ਅਚਾਨਕ ਹੀ ਕੱਪ ਉਸਦੇ ਹੱਥੋਂ ਛੁਟਕੇ ਮੰਜੇ ਤੇ ਡਿੱਗ ਪਿਆ। ਕੱਪ ਤਾਂ ਉਸਦੇ ਆਪਣੇ ਹੱਥੋਂ ਡਿਗਿਆ ਸੀ, ਪਰ ਉਹ ਬੇਬੇ ਨੂੰ ਬਹੀ ਹੀ ਅਵਾ ਤਵਾ ਬੋਲਣ ਲੱਗੀ ਤੇ ਉਸ ਨੇ ਉਸ ਦੇ ਤਿੰਨ ਚਾਰ ਲੱਤਾਂ ਵੀ ਮਾਰ ਦਿੱਤੀਆਂ। ਬੇਬੇ ਦਰਦ ਨਾਲ ਕਰਲਾਉਂਦੀ ਹੋਈ ਬੋਲੀ "ਨੀ ਮੈਂ ਤਾਂ ਕਦੀ ਤੈਨੂੰ ਬੁਰਾ ਬਲਾ ਵੀ ਨਹੀਂ ਆਖਿਐ। ਪਰ ਤੂੰ ਤਾਂ ਹੱਥ ਧੋ ਕੇ ਹੀ ਮੇਰੇ ਮਗਰ ਪੈ ਗਈ ਏਂ। ਮੈਂ ਆਪਣੀ ਧੀ ਨਾਲੋਂ ਵੀ ਵੱਧ ਪਿਆਰ ਦਿੱਤਾ ਐ ਤੈਨੂੰ। ਪਰ ਤੂੰ ਤਾਂ ਡੈਣ ਹੀ ਨਿਕਲੀ ਡੈਣ।

ਆਪਣੀ ਰੋ ਰਹੀ ਦਾਦੀ ਨੂੰ ਵੇਖ ਕੇ ਦੀਪਾ ਵੀ ਹੁਬਕੀ ਹੁਬਕੀਂ ਰੋਣਲੱਗ ਪਿਆ। ਅਮਰੋ ਉਸ ਨੂੰ ਆਪਣੀ ਬੁੱਕਲ ਵਿੱਚ ਲੈਂਦੀ ਹੋਈ ਝੱਟ ਬੋਲੀ – "ਤੈਨੂੰ ਨਹੀਂ ਪਤੈ ਪੁੱਤਰਾ, ਇਹ ਬੁੱਢੜੀ ਕਿੰਮਨੀ ਚਾਲਬਾਜ਼ ਐ। ਕਿਸੇ ਨਾ ਕਿਸੇ ਬਿਮਾਰੀ ਦਾ ਬਹਾਨਾ ਲਾ ਕੇ ਇਹ ਹਰ ਵੇਲੇ ਹੀ ਮੰਜੇ ਨਾਲ ਜੁੜੀ ਰਹਿੰਦੀ ਐ ਤੇ ਘਰ ਦਾ ਸਾਰਾ ਕੰਮ ਮੈਨੂੰ ਇੱਕਲੀ ਨੂੰ ਹੀ ਕਰਨਾ ਪੈਂਦੈ। ਜਦ ਤੂੰ ਵੱਡਾ ਹੋ ਜਾਵੇਂਗਾ। ਮੈਂ ਤੇਰਾ ਵਿਆਹ ਕਰਾਂਗੀ। ਫਿਰ ਮੇਰੀ ਨੂੰਹ-ਰਾਣੀ ਮੇਰੇ ਨਾਲ ਘਰਦਾ ਕੰਮ ਕਰਵਾਇਆ ਕਰੇਗੀ ਤੇ ਮੈਂ ਕੁਝ ਸੌਖੀ ਹੋ ਜਾਵਾਂਗੀ।"

ਸੁਣਕੇ ਦੀਪਾ ਰੋਂਦਾ ਰੋਂਦਾ ਹੀ ਇੱਕ ਦਮ ਚੁੱਪ ਹੋ ਗਿਆ ਤੇ ਫਿਰ ਉਹ ਆਪਣੀ ਮਾਂ ਦੇ ਮੂੰਹ ਵੱਲ ਵੇਖਦਾ ਹੋਇਆ ਬਹੁਤ ਹੀ ਭੋਲੇਪਨ ਨਾਲ ਹੌਲੀ ਜਿਹੇ ਬੋਲਿਆ- "ਪਰ ਮੰਮੀ, ਜੇ ਉਹ ਵੀ ਡੈਣ ਹੀ ਨਿਕਲ ਗਈ, ਫਿਰ ਤੂੰ ਕੀ ਕਰੇਂਗੀ?

◆◆◆



# ਕਾਵਿ ਸੰਸਾਰ

## ਲੱਲੋ-ਪੱਤੋ

**ਡਾਕਟਰ ਧਰਮ ਚੰਦ ਵਾਤਿਸ਼**

ਤੁਹਾਡੀ ਚਾਪਲੂਸੀ ਦੀ
ਖ਼ੁਸ਼ਕ ਸਬਜ਼ੀ
ਜਦੋਂ ਤੱਕ
ਬੌਸ ਦੇ ਪਤੀਲੇ ਵਿਚ
ਰਿੱਝਦੀ ਹੈ
ਮੱਠੀ ਮੱਠੀ ਅੱਗ 'ਤੇ
ਰਿੱਝਦੀ ਜਾਣ ਦਿਉ
ਏਨੀ ਕੁਝ ਲੱਲੋ-ਪੋਪੋ
ਹਰ ਬੌਸ ਚਾਹੁੰਦਾ ਹੈ

ਇਉਂ ਚੱਲਦਾ ਰਹਿੰਦਾ ਹੈ
ਦਫ਼ਤਰੀ ਕਿਚਨ ਦਾ ਧੰਦਾ
ਪਰ ਜਦੋਂ ਇਹ ਖ਼ੁਸ਼ਕ ਸਬਜ਼ੀ
ਲਾਲਸਾ ਦੀ
ਤੇਜ਼ ਅਗਨ 'ਤੇ
ਥੱਲੇ ਲੱਗਣ ਲੱਗ ਜਾਵੇ
ਤਾਂ ਬੀਬਾ !
ਪਤੀਲਾ ਹੀ ਵਗਾਹ ਸੁੱਟੋ
ਚੁੱਲ੍ਹੇ ਤੋਂ
ਜੁੱਟ ਜਾਓ
ਇਹਨੂੰ ਰਗੜਣ ਵਿੱਚ
ਅਟਰੋੜੇ ਨਾਲ

ਸੰਪਰਕ 98144-46007

◆◆◆

# ਮਾਂ ਵਰਗਾ ਧਰਵਾਸ

**ਪ੍ਰੋ. ਕੁਲਵੰਤ ਔਜਲਾ**

ਮੰਡ ਵਾਹ ਲਿਆ ਅੰਨ ਦਾਤਿਆਂ, ਰੇਤ ਚੂਸ ਗਈ ਬਿਆਸ
ਪਿੰਡ ਨੂੰ ਅਜੇ ਵੀ ਚੇਤੇ ਆਉਂਦੀ ਕੂੰਜਾਂ ਦੀ ਰਹਿਰਾਸ
ਕੋਰਾ ਅਨਪੜ੍ਹ ਬਾਪ ਅਸਾਡਾ, ਬਹਿਰ ਵਜ਼ਨ ਦਾ ਪੱਕਾ
ਵਿੱਚ ਸਿਆੜਾਂ ਰਿਹਾ ਬੀਜਦਾ ਸੁਰਵੰਤੇ ਅਹਿਸਾਸ
ਨਿੱਕੇ ਨਿੱਕੇ ਨਾਵਾਂ ਵਾਲੇ, ਤੂਤਾਂ ਟਾਹਲੀਆਂ ਵਰਗੇ ਬੰਦੇ
ਪੂਰੀ ਜ਼ਿੰਦਗੀ ਰਹੇ ਪੀਸਦੇ ਆਟਾ ਵਾਂਗ ਖਰਾਸ
ਪਾਕ ਪਵਿੱਤਰ ਪੋਥੀਆਂ ਵਰਗੀ ਬਿਲਕੁੱਲ ਸਾਦਾ ਮਾਂ ਮੇਰੀ
ਵੱਖਰੇ ਚੁੱਲ੍ਹੇ ਰਹੀ ਪਕਾਉਂਦੀ ਬਾਪੂ ਦੇ ਲਈ ਮਾਸ
ਇੱਕੋ ਹੱਲ ਨਾਲ ਬਾਪ ਸਾਡੇ ਨੇ ਪਾਲਿਆ ਟੱਬਰ ਸਾਰਾ
ਸਾਡੇ ਢਿੱਡਾਂ ਵਿੱਚ ਆ ਵੜਿਆ ਖੌਰੇ ਕਿੱਥੋਂ ਬਹੁ-ਪਰਵਾਸ
ਆਉਂਦੀਆਂ ਰਹੀਆਂ ਅਨੇਕ ਮੁਸ਼ਕਲਾਂ, ਖ਼ੂਬ ਘੇਰਿਆ ਦੁੱਖਾਂ
ਖਾਧੀ ਨਹੀਂ ਪਰ ਬਾਪ ਦਾਦਿਆਂ, ਮਰਨ ਲਈ ਸਲਫਾਸ
ਪੁੱਤ ਪੋਤਰੇ, ਧੀਆਂ ਦੋਹਤਰੇ, ਪੜਪੋਤੇ, ਪੜਦੋਹਤੇ
ਕਿਸੇ ਕੋਲੋਂ ਵੀ ਮਿਲੇ ਨਾ ਐਪਰ ਮਾਂ ਵਰਗ ਧਰਵਾਸ
ਨਾ ਹੀ ਖੇਤ ਖ਼ੁਦਾਈਆਂ ਮੰਗਾਂ, ਨਾ ਹੀ ਮਹਿਲ ਮੁਨਾਰੇ
ਬਣਿਆ ਰਹੇ ਖ਼ੁਦਾਇਆ ਸਾਡਾ ਅੱਖਰਾਂ ਵਿੱਚ ਵਿਸ਼ਵਾਸ
ਬੁਲਟ ਟਰੇਨ ਦੇ ਸੁਪਨੇ ਦੇ ਨੇ ਐਵੇਂ ਨਾ ਭਟਕਾਇਆ ਕਰ
ਸ਼ਰਮ ਹਯਾ ਈ ਰਹਿਣ ਦੇ ਤਨ ’ਤੇ ਥੋੜ੍ਹੇ ਜੇਹੇ ਲਿਬਾਸ।

◆◆◆

# ਮੇਰੇ ਦੇਸ਼ ਦੇ ਨੇਤਾ

**ਰਤਨ ਟਾਹਲਵੀ**

ਮੇਰੇ ਦੇਸ਼ ਦੇ ਨੇਤਾ ਨੇ ਆਪੋ ਆਪਣੀ ਡਫਲੀ ਵਜਾਉਂਦੇ,
ਅਸੀਂ ਸੇਵਕ ਲੋਕਾਂ ਦੇ ਆਖਕੇ ਆਪਣੇ ਹੀ ਸੋਹਲੇ ਗਾਉਂਦੇ।

ਅਸੀਂ ਦੇਸ਼ ਅਜ਼ਾਦੀ ਲਈ ਦਿੱਤੀ ਖ਼ੂਨ ਭਰੀ ਕੁਰਬਾਨੀ।
ਏਸ ਦੇਸ਼-ਆਜ਼ਾਦੀ ਦੇ ਸਾਡੇ ਪੁਰਖੇ ਅਸਲੀ ਦਾਨੀ।
ਗੱਲ ਕਿਸੇ ਦੀ ਸੁਣਦੇ ਨਹੀਂ ਇਹ ਤਾਂ ਆਪਣੀ ਗੱਲ ਸੁਣਾਉਂਦੇ।
ਅਸੀਂ ਸੇਵਕ ਲੋਕਾਂ ਦੇ ਆਖ ਕੇ ਆਪਣੇ ਹੀ ਸੋਹਲੇ ਗਾਉਂਦੇ।





ਇਨ੍ਹਾਂ ਨੂੰ ਕੁਰਸੀ ਚਾਹੀਦੀ ਲੋਕੀਂ ਮਰਦੇ ਤੇ ਮਰ ਜਾਵਣ।
ਕੋਈ ਰੁਜ਼ਗਾਰ ਮਿਲਦਾ ਨਹੀਂ ਲੋਕੀਂ ਕਿੱਦਾਂ ਰੋਟੀ ਖਾਵਣ।
ਬੱਚੇ ਟੁੱਕੜ ਢੂੰਡਣ ਪੇਟ ਨੇਤਾ ਕੁੱਤਿਆਂ ਤਾਈਂ ਰਜਾਉਂਦੇ
ਅਸੀਂ ਸੇਵਕ ਲੋਕਾਂ ਦੇ ਆਖ ਕੇ ਆਪਣੇ ਹੀ ਸੋਹਲੇ ਗਾਉਂਦੇ।

ਇੱਕ ਦੂਜੇ ’ਤੇ ਵੇਖ ਰਿਹਾਂ ਝੂਠੇ ਪਰਚੇ ਦਰਜ ਕਰਾਉਂਦੇ।
ਕੁਰਸੀ ’ਤੇ ਬਹਿੰਦਿਆਂ ਹੀ ਫਿਰ ਨਾਢੂ ਖਾਂ ਅਖਵਾਉਂਦੇ।
ਰਿਸ਼ਵਤ ਲੈਣ ਲਈ ਨੇਤਾ ਗੱਲ ਕਰਦੇ ਨਹੀਂ ਸ਼ਰਮਾਉਂਦੇ
ਅਸੀਂ ਸੇਵਕ ਲੋਕਾਂ ਦੇ ਆਖ ਕੇ ਆਪਣੇ ਹੀ ਸੋਹਲੇ ਗਾਉਂਦੇ।

ਰਤਨ ਟਾਹਲਵੀ ਓਏ! ਸਿੱਟਾ ਨਿਕਲੇ ਨਾ ਕੋਈ ਮਾੜਾ।
ਇਹ ਦੇਸ਼ ਜੋ ਵਜਦਾ ਏ ਕਿਤੇ ਉਜੜ ਜਾਵੇ ਨਾ ਸਾਰਾ।
ਲੋਕੀ ਬਹਿਕਾਵੇ ਵਿੱਚ ਨਾ ਇਨ੍ਹਾਂ ਨੂੰ ਨੇਤਾ ਮੁੜ ਬਚਾਉਂਦੇ।
ਅਸੀਂ ਸੇਵਕ ਲੋਕਾਂ ਦੇ ਆਖ ਕੇ ਆਪਣੇ ਹੀ ਸੋਹਲੇ ਗਾਉਂਦੇ।

**ਸੰਪਰਕ**-81462-10637

◆◆◆

# ਤਰਕਸ਼ੀਲਾਂ ਨੇ ਆਉਣਾ

**ਸੁਖਦੇਵ ਸਿੱਧੂ**

ਅੱਜ ਤਰਕਸ਼ੀਲਾਂ ਨੇ ਆਉਣਾ... ਤਾਜਾ ਖ਼ਬਰ ਸੁਣੋ।
ਉਨ੍ਹਾਂ ਵਹਿਮਾਂ ਨੂੰ ਮਾਰ ਭਜਾਉਣਾ-ਸਾਰੇ ਖ਼ਬਰ ਸੁਣੋ।
ਦੂਰ ਦੁਰਾਡੇਓਂ ਸੁਣਾਦਿਓ ਵੇ ਕੋਈ! ਭਵਿੱਖ ਦਾ ਨਕਸ਼ਾ ਵਾਹੁਣਾ ਬਈ...।

ਸੰਤ ਜਾਂ ਬਾਬੇ ਵਿਹਲੇ ਰਹਿ ਕੇ ਕਿੰਨਾ ਵਧੀਆ ਸਰਦੇ ਨੇ।
ਆਪਣੇ ਦੰਭ ਨੂੰ ਲੁਕ-ਲੁਕਾ ਕੇ ਸੌ ਚਲਿੱਤਰ ਕਰਦੇ ਨੇ।
ਲੋਕਾਂ ਨੂੰ ਰੋਟੀ ਦਾ ਸਹਿੰਸਾ ਵਿਹਲੇ ਸੰਘ ਤੱਕ ਭਰਦੇ ਨੇ।
ਵਹਿਮ ਦੇ ਚਿੱਕੜ ਵਿੱਚ ਡੁਬੋਂਦੇ, ਆਪ ਸਰੋਵਰ ਤਰਦੇ ਨੇ
ਪਿੰਡੋ ਪਿੰਡ ਬਣਾ ਯੂਨਿਟਾਂ ਸਮਾਜ ਨੂੰ ਸੇਧੇ ਪਾਉਣਾ ਬਈ।....

ਧਰਮ ਦੇ ਠੇਕੇਦਾਰ ਨੇ ਦੱਸਦੇ ਫ਼ਲ ਕਿਸਮਤ ਦਾ ਮਿਲਦਾ ਆ।
ਕੂੜ-ਕਪਟ ਸ਼ੈਤਾਨ ਦਾ ਝੰਡਾ ਅੱਡੀਆਂ ਚੁੱਕ ਚੁੱਕ ਕਿੱਲਦਾ ਆ।
ਮਜ਼ਹਬੀ ਖਾਸਾ ਅਸਲੋਂ ਭੈੜਾ ਬੰਦਾ ਬਾਜੀਆਂ ਪਿਲਦਾ ਆ।
ਇਸ ਦਾ ਭੇਤ ਖੁੱਲ੍ਹਣ ਤੇ ਪਾਵਾ ਹਰ ਗੱਦੀ ਦਾ ਹਿਲਦਾ ਆ

ਬੇਈਮਾਨੀ ਤੋਂ ਮੁਕਤੀ ਪਾਉਣੀ, ਪਰਦਾਫਾਸ਼ ਕਰਾਉਣਾ ਬਈ....

ਮਨਾਂ ਦੇ ਵਿੱਚ ਵੀ ਵਹਿਮ ਬਿਠਾਏ, ਮਟੀਆਂ ਵਾਲੇ ਬਾਬੇ ਨੇ।
ਬਲੀ ਲੈਣ ਦੇ ਢੌਂਗ ਸਿਖਾਏ, ਤਪੀਆਂ ਵਾਲੇ ਬੇਬੇ ਨੇ।
ਦੁਖੀਆਂ ਦੇ ਘਰ ਨੇਰ੍ਹੇ ਪਾਏ, ਬੱਤੀਆਂ ਵਾਲੇ ਬਾਬੇ ਨੇ।
ਚਿਮਟੇ ਮਾਰ ਮਰੀਜ਼ ਸੁਜਾਏ ਜਤੀਆਂ ਵਾਲੇ ਬਾਬੇ ਨੇ।
ਨਾਂਗੇ, ਛਾਂਗੇ, ਹਠੀਆਂ ਨੂੰ ਵੀ ਚੰਗਾ ਸਬਕ ਸਿਖਾਉਣਾ ਆ...
ਠੱਗਾਂ ਦੇ ਸਿਰ ਹੱਥ ਹੈ ਹੁੰਦਾ ਲੁੱਟ ਚੋਂਘ ਸਰਕਾਰਾਂ ਦਾ।
ਸਰਮਾਏਦਾਰੀ ਇੰਨੀ ਭਾਰੂ ਭਰਿਆ ਮਨ ਮਕਾਰਾਂ ਦਾ।
ਦੋਹਾਂ ਤੋਂ ਸ਼ੁਰੂਆਤ ਹੈ ਹੁੰਦਾ ਮਾਨਵੀ ਅਤਿਆਚਾਰਾਂ ਦਾ।
ਇਸ ਜੰਗਲ ਵਿੱਚ ਬਧ ਪਿਐ ਹੋਵੇ, ਬੇਬੱਸ ਬੱਧੇ ਸ਼ਿਕਾਰਾਂ ਦਾ।
ਅਸਲੀ ਦੋਸ਼ ਤੇ ਤੀਰ ਸੇਧਕੇ ਢੂੰਡ ਕੇ ਅੱਜ ਦਿਖਾਉਣਾ ਬਈ....।

**ਸਿੱਧਵਾਂ ਦੋਨਾਂ** (**ਕਪੂਰਥਲਾ**)

◆◆◆

## ਅਸਲੀ ਇਸ਼ਨਾਨ

**- ਮਲਕੀਤ ਦਰਦੀ**

ਲੱਭ ਲੱਭ ਥੱਕ ਗਿਆ ਅਸਲੀ ਇਨਸਾਨ ਨੂੰ,
ਇਨਸਾਨਾਂ ਨੇ ਖੋਲ੍ਹਿਆ ਮਜ਼੍ਹਬੀ ਦੁਕਾਨ ਨੂੰ।

ਪਿਆਰ ਭਰੇ ਫੁੱਲ ਜਿੱਥੇ ਮਹਿਕ ਨਹੀਂ ਵੰਡਦੇ,
ਘਰ ਕੌਣ ਕਹੇ ਇੱਟਾਂ ਰੇਤ ਦੇ ਮਕਾਨ ਨੂੰ,

ਧਰਤੀ ਦੇ ਜਾਏ ਭੁੱਖ ਨੰਗ ਨਾਲ ਜੂਝਦੇ,
ਬਸਤੀ ਬਣਾਉਂਦੇ ਸਾਡੇ ਨੇਤਾ ਅਸਮਾਨ ਨੂੰ।

ਚੋਰ ਡਾਕੂ ਪੱਕੇ ਹੁੰਦੇ ਰੱਬ ਦੇ ਮੁਰੀਦ ਨੇ,
ਵਾਰਦਾਤੋਂ ਪਹਿਲਾਂ ਉਹ ਧਿਆਉਂਦੇ ਭਗਵਾਨ ਨੂੰ,

ਗਹਿਣੇ ਤੇ ਜ਼ਮੀਨਾਂ ਵੇਚ ਜਾਂਦੇ ਪ੍ਰਦੇਸ ਨੂੰ,
ਮਿੱਟੀ 'ਚ ਰੋਲਕੇ ਖਾਨਦਾਨੀ ਅਰਮਾਨ ਨੂੰ,

ਸ਼ੁਕਦੀ ਨਦੀ ਦੀਆਂ ਠੱਲ ਦਿੰਦੇ ਲਹਿਰਾਂ ਨੂੰ,
ਸੂਰਬੀਰ ਯੋਧੇ ਮੋੜ ਦਿੰਦੇ ਨੇ ਤੂਫ਼ਾਨ ਨੂੰ,



ਸੂਰਮੇ ਦੀ ਗਾਥਾ ਬਣ ਜਾਂਦੀ ਇਤਿਹਾਸ ਹੈ,
ਲੋਕ ਘੋਲਾਂ 'ਚ ਜਿਹੜੇ ਜਿੱਤ ਮੈਦਾਨ ਨੂੰ,

ਸੋਹਲੇ ਨਹੀਂ ਗਾਉਂਦਾ ਸਦਾ ਲਿਖਦਾ ਖਿਲਾਫ਼ ਹੈ,
ਸਾਮੰਤਾਂ ਕੋਲੋਂ 'ਦਰਦੀ' ਨਾ ਭਾਲਦਾ ਇਨਾਮ ਨੂੰ,

**ਸੰਪਰਕ** - 88728-52537

◆◆◆

**ਨਜ਼ਮ**

## ਕਾਸ਼ ਇੰਝ ਹੁੰਦਾ

**-ਸੁਰਿੰਦਰ ਮਕਸੂਦਪੁਰੀ**



ਸੋਹਣੇ ਬਾਲ ਪਰਿਵਾਰ ਨੂੰ
ਨੰਨੇ-ਮੁੰਨੇ ਸੰਸਾਰ ਨੂੰ
ਰੰਗ-ਬਿਰੰਗੇ ਖਿਡਾਉਣਿਆਂ ਸੰਗ
ਹੱਸਦਿਆਂ ਖੇਡਦਿਆਂ ਵੇਖ
ਬਚਪਨ ਦੀ ਰੀਲ੍ਹ
ਅੱਖਾਂ ਸਾਹਵੇਂ ਘੁੰਮਦੀ ਹੈ
ਯਾਦਾਂ ਦੀ ਸਾਹਿਤਕ ਤੰਦ
ਕਵਿਤਾ ਦੇ ਸ਼ਬਦ ਬੁਣਦੀ ਹੈ।

ਕਾਸ਼ ਇੰਝ ਹੁੰਦਾ
ਇਕ ਵਾਰ ਫਿਰ ਮੇਰੀ ਮਾਂ
ਚਮਚਾ ਛੰਨਾ ਬਾਟੀ ਜਾਂ ਗਲਾਸ ਟਣਕਾ
ਮੈਨੂੰ ਰੋਂਦੇ ਨੂੰ ਚੁੱਪ ਕਰਾਉਂਦੀ
ਮੇਰਾ ਮਨ ਪਰਚਾਉਂਦੀ
ਮੰਜੇ ਦੇ ਪਾਵਿਆਂ ਸੰਗ ਝੋਲੀ ਬੰਨ੍ਹ
ਮੈਨੂੰ ਨਿੱਕੜੇ ਨੂੰ ਲਿਟਾਉਂਦੀ
ਹੁਲਾਰਦੀ ਦੁਲਾਰਦੀ
ਤੇ ਫਿਰ ਰਸੋਈ ਦੇ ਆਹਰ-ਪਾਹਰ ਵਿੱਚ ਜੁੱਟ ਜਾਂਦੀ।

ਕਾਸ਼ ਇੰਝ ਹੁੰਦਾ
ਬਾਪੂ ਦੇ ਮੋਢੇ ਚੜ੍ਹ ਮਾਣੇ ਮੌਜ-ਮੇਲੇ
ਤੇ ਉਂਗਲ ਫੜ ਕੀਤੀਆਂ ਸਫ਼ਰ-ਸੈਰਾਂ

ਦਾ ਸੁਖਾਂਤਕ ਸਿਲਸਿਲਾ
ਚਿਰ ਸਥਾਈ ਰਹਿੰਦਾ
ਗਤੀਸ਼ੀਲ ਬਣਦਾ
ਤੇ ਮੈਂ ਦਰਪੇਸ਼ ਹਾਦਸਿਆਂ ਦੇ ਸੰਤਾਪ ਤੋਂ
ਸੁਰਖ਼ਰੂ ਹੋ ਨਿਕਲਦਾ।

ਕਾਸ਼ ਇੰਝ ਹੁੰਦਾ
ਸਕੂਲ/ਕਾਲਜ ਪੜ੍ਹਦਿਆਂ
ਦਸਾਂ ਵਿਚੋਂ ਕੋਈ ਪੰਜ ਸਵਾਲ ਕਰਨ ਦੀ ਔਪਸ਼ਨ
ਮੁੜ ਪ੍ਰਾਪਤ ਹੁੰਦੀ
ਤੇ ਮੈਂ ਹੋਈਆਂ ਭੁੱਲਾਂ/ਚੁੱਕਾਂ ਨੂੰ
ਮੁੜ ਸੋਧ-ਸਵਾਰ ਲੈਂਦਾ।

ਕਾਸ਼ ਇੰਝ ਹੁੰਦਾ
ਗ੍ਰਹਿਸਥ ਦੀ ਕਹਾਣੀ ਦਾ ਆਰੰਭ
ਮੈਂ ਜਜ਼ਬਾਤੀ ਵੇਗ ਵਿੱਚ ਨਹੀਂ
ਸਹਿਜ-ਸਬਰ ਸੰਗ ਕਰਦਾ
ਤੇ ਜ਼ਿੰਦਗੀ ਦੀ ਕੈਨਵਸ ਵਿੱਚ
ਸੁਚੱਜੇ ਸਾਰਥਿਕ ਰੰਗ ਭਰਦਾ।

ਕਾਸ਼ ਇੰਝ ਹੁੰਦਾ
ਕੰਚਨ ਵਰਗੀ ਕਾਇਆ
ਨੂੰ ਮੈਂ ਕਾਹਲੇ ਕਦਮੀਂ
ਖ਼ੁਦ ਇਲਾਜ ਨੂੰ ਤਰਸਦੇ
ਅਖ਼ੌਤੀ ਹਸਪਤਾਲਾਂ ਦੇ ਹਵਾਲੇ ਨਾ ਕਰਦਾ।
ਤੇ ਸਿੱਧੀ ਸੁਖਾਵੀਂ ਜੀਵਨਧਾਰਾ ਦਾ ਲੜ ਫੜਦਾ।

ਕਾਸ਼ ਇੰਝ ਹੁੰਦਾ
'ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥'
ਜਾਂ
'ਅਉਖੀ ਘੜੀ ਨ ਦੇਖਣ ਦੇਈ
ਅਪਨਾ ਬਿਰਦੁ ਸਮਾਲੇ॥'



'ਹਾਥ ਦੇਇ ਰਾਖੈ ਅਪਨੇ ਕਉ
ਸਾਸਿ ਸਾਸਿ ਪ੍ਰਤਿਪਾਲੇ॥'
ਗੁਰਬਾਣੀ ਦੇ ਮਹਾਂਵਾਕਾਂ ਦਾ ਪਾਠ
ਮੈਂ ਮੁੱਢ ਕਦੀਮੋਂ ਕਰਦਾ
ਤੇ ਦੁੱਖਾਂ ਦੇ ਦਰਿਆ ਹੱਸ ਹੱਸ ਕੇ ਤਰਦਾ।

ਕਾਸ਼ ਇੰਝ ਹੁੰਦਾ
ਮੇਰੇ ਵਤਨ ਦੇ ਵਾਯੂਮੰਡਲ ਵਿੱਚ
ਨਸ਼ਿਆਂ/ਖੁਦਕੁਸ਼ੀਆਂ
ਸਮਾਜਿਕ/ਸਰਕਾਰੀ ਸਰੋਕਾਰਾਂ ਦੇ
ਪ੍ਰਦੂਸ਼ਣ ਦੀ ਕਾਲੀ ਬੋਲੀ ਹਨੇਰੀ ਨਾ ਝੁਲਦੀ
ਤੇ ਕੁਦਰਤ ਰਾਣੀ ਸਮਿਆਂ ਦੇ ਮੱਥੇ 'ਤੇ
ਮਨੁੱਖਤਾ ਦੀ ਖ਼ਾਰ ਖੁਸ਼ਹਾਲੀ ਖੁਣਦੀ।

ਕਾਸ਼ ਇੰਝ ਹੁੰਦਾ
ਮੇਰੇ ਦੇਸ਼ ਦੇ ਨੌਜਵਾਨ/ਧੀਆਂ-ਭੈਣਾਂ
ਫੇਸਬੁੱਕ/ਵਟਸਐਪ-ਮੈਸੰਜਰ
ਸੋਸ਼ਲ ਮੀਡੀਆ ਦਾ
ਸਾਰਥਿਕ ਉਸਾਰੂ ਲਾਹਾ ਲੈਂਦੇ
ਤੇ ਦੁਰਵਰਤੋਂ/ਸੈਲਫੀਆਂ ਰਾਹੀਂ
ਇੱਜ਼ਤ/ਆਬਰੂ/ਜਾਨਾਂ ਨਾ ਗੁਆਉਂਦੇ
ਯਾਰ/ਅੰਕਲ/ਆਂਟੀਆਂ ਨਾਲ ਸੰਬੋਧਿਤ ਹੁੰਦੇ
ਰਿਸ਼ਤਿਆਂ ਦੀ ਰਹਿਤਲ ਦੀਆਂ ਧੱਜੀਆਂ ਨਾ ਉਡਾਉਂਦੇ।

ਕਾਸ਼ ਇੰਝ ਹੁੰਦਾ
ਬੀਤੇ ਦੀ ਬੁੱਕਲ ਵਿੱਚ ਬੈਠਾ ਅਤੀਤ
ਵਰਤਮਾਨਾ ਦੇ ਰੂ-ਬ-ਰੂ ਹੁੰਦਾ
ਤੇ ਸਮੁੱਚੀਆਂ ਗਤੀਵਿਧੀਆਂ ਦੇ ਮੁੜ ਮੁਲਾਂਕਣ ਲਈ
ਕੋਈ ਮੁਹੱਬਤੀ ਮੁਕਾਮ ਖੁਸ਼ਨਸੀਬ ਬਣਦਾ।
ਕਾਸ਼ ਇੰਝ ਹੁੰਦਾ....।

**ਸੰਪਰਕ** - 99887-10234

◆◆◆

## ਐ ਕਰਜਾਈ ਕਿਸਾਨੋ

ਸੁਰਜੀਤ 'ਦੇਵਲ'



ਐ ਕਿਰਜਾਈ ਕਿਸਾਨੋ
ਕਰਜਾ ਲਿਐ
ਠੱਗੀ ਨਹੀਂ ਮਾਰੀ
ਗ਼ਮ ਨਾ ਕਰੋ
ਹੌਸਲਾ ਵਿਖਾਵੋ
ਜ਼ਿੰਦਗੀ ਨੂੰ ਭਾਰ ਨਾ ਜਾਣੋ
ਮੁਸ਼ਕਿਲਾਂ ਨੂੰ ਲਲਕਾਰੋ।
ਹਾਰ ਨਾ ਮੰਨੋ
ਕਾਇਰਤਾ ਦਾ ਪ੍ਰਛਾਵਾਂ,
ਨਾ ਪੈਣ ਦੇਵੋ ਰੂਹ ਉੱਤੇ,
ਖ਼ੁਦਕੁਸ਼ੀ ਲਫ਼ਜ਼ ਮਿਟਾਦੋ।
ਟੱਕਰੋ ਦੁੱਧਾਂ ਦੇ ਤੂਫ਼ਾਨਾਂ ਨੂੰ,
ਘਾਟਾ ਵਾਧਾ,
ਨਫ਼ਾ ਨੁਕਸਾਨ,
ਚੰਗਾ ਮਾੜਾ
ਵਕਤ ਹੀ ਤਾਂ
ਜ਼ਿੰਦਗੀ ਦੇ ਅਨਮੋਲ ਰਤਨ ਨੇ।

◆◆◆

## ਅੱਧ-ਵਾਟੇ ਰਾਹ

- ਪ੍ਰਸ਼ੋਤਮ ਪੱਤੋ



ਟੁੱਟਿਆ ਹੋਇਆ ਦਿਲ ਜਿਵੇਂ ਤੂੰ ਜੋੜ ਦਿੱਤਾ।
ਜੋੜਨ ਤੋਂ ਪਹਿਲਾਂ ਹੀ ਫਿਰ ਤੋੜ ਦਿੱਤਾ।
ਮੈਂ ਤਾਂ ਪਹਿਲਾਂ ਹੀ ਭਟਕਦਾ ਫਿਰਦਾ ਹਾਂ,
ਘਰ ਬੁਲਾ ਕੇ ਅੱਗੋਂ ਬੂਹੇ ਤੋਂ ਮੋੜ ਦਿੱਤਾ।
ਸਮਝਦਾਰ ਹੋ ਕੇ ਵੀ ਨਾ ਸਮਝਿਆ ਵਰਗਾ,
ਪੱਕੇ ਵਾਅਦਿਆਂ ਪਿੱਛੋਂ ਵੀ ਵਾਹਦਾ ਖੋਰ ਦਿੱਤਾ।
ਜਜ਼ਬਿਆਂ ਮੇਰਿਆਂ ਦਾ ਖਲਵਾੜ ਕਰਕੇ ਤੂੰ,
ਜ਼ਿੰਦਗੀ ਹੁਸੀਨ ਜਿਦਉਣ ਦਾ ਸੁਪਨਾ ਰੋੜ ਦਿੱਤਾ।
ਅੱਜ ਵੀ ਰਸਤੇ ਵਿੱਚ ਹਾਲੇ ਅੱਧ-ਵਾਟੇ ਹਾਂ,
'ਪੱਤੋ' ਤੇ ਦੋਸ਼ ਹਜ਼ਾਰਾਂ ਲਾ ਕੇ ਜੱਗ ਤੋਂ ਤੋਰ ਦਿੱਤਾ।



## ਮਾਂ

ਰਾਜਿੰਦਰ ਵਰਮਾ



ਕਿੱਥੋਂ ਲੱਭ ਲਿਆਈਏ,
ਠੰਡੀ ਮਿੱਠੀ ਤੇਰੀ ਛਾਂ
ਲੱਭਿਆ ਹੁਣ ਨਹੀਓਂ ਲੱਭਦੀ
ਇੱਕ ਹੁੰਦੀ ਸੀ, ਸਾਡੀ ਮਾ...
ਕਿੱਥੋਂ ਲੱਭ ਲਿਆਈਏ...
ਆਪਣੇ ਹਿੱਸੇ ਦੀ ਤੂੰ ਬੁਰਕੀ
ਮੂੰਹ ਸਾਡੇ ਪਾਵੇ ਤੂੰ ਦੇਕੇ ਘੁਰਕੀ
ਚੜ ਜਾਂਦਾ ਸੀ, ਤੈਨੂੰ ਕਿੰਨਾ ਚਾਅ
ਕਿੱਥੋਂ ਲੱਭ....

ਬਹਿ ਜਾਂਦੇ ਸੀ ਤੇਰੇ ਕੋਲ,
ਭਰ ਜਾਂਦੀ ਸੀ ਖ਼ੁਸ਼ੀਆਂ ਦੀ ਝੋਲ
ਲੱਗਣ ਨਾ ਦਿੱਤੀ ਤੇ ਤੱਤੀ ਵਾਅ
ਕਿੱਥੋਂ ਲੱਭ.....

ਪੋਹ ਮਾਘ ਦੀਆਂ ਠੰਡੀਆਂ ਰਾਤਾਂ
ਕਿਵੇਂ ਭੁਲਾਈਏ ਸੁਣੀਆਂ ਬਾਤਾਂ
ਇੱਕ ਹੁੰਦੀ ਸੀ ਚਿੜੀ ਇੱਕ ਹੁੰਦਾ ਸੀ ਕਾਂ
ਕਿੱਥੋਂ ਲੱਭ...

ਤੱਕਦੇ ਰਹਿ ਗਏ ਤੇਰਾ ਪ੍ਰਛਾਵਾਂ
ਦਿੱਤਾ ਨੇ ਆਪਣਾ ਸਿਰਨਾਵਾਂ
ਮੈਂ ਗਈ ਮੈਂ ਦੱਸ ਕਿਹੜੇ ਰਾਹ
ਕਿੱਥੋਂ ਲੱਭ....

ਪਿਆਰ ਦਾ ਗੀਤ ਤੂੰ ਗਾਉਂਦੀ ਰਹੀ
ਰੁੱਸਿਆ ਨੂੰ ਮਨਾਉਂਦੀ ਰਹੀ
ਉਲਝੀ ਤਾਣੀ ਦਿੱਤੀ ਸੁਲਝਾ
ਕਿੱਥੋਂ ਲੱਭ...

ਸੰਪਰਕ - 99142-21910

◆◆◆

## ਪਿੰਡ ਪਿੰਡ ਗਲੀ ਗਲੀ

**ਸਰਦਾਰ ਪੰਛੀ**

ਪਿੰਡ ਪਿੰਡ ਗਲੀ ਗਲੀ ਰੁਸ਼ਨਾਈ ਰੱਖਣੀ।
ਅਸਾਂ ਏਕੇ ਦੀ ਮਸ਼ਾਲ ਜਗਾਈ ਰੱਖਣੀ।

ਮਿੱਤ ਕਿਸੇ ਦਾ ਨਾਂ ਨੇਰ੍ਹਾ, ਨਾ ਇਹ ਤੇਰਾ ਨਾ ਇਹ ਮੇਰਾ।
ਜੋਤ ਦਿਲ 'ਚ ਜਗਾਈਏ ਜਾਗੇ ਅੱਖਾਂ 'ਚੋਂ ਸਵੇਰਾ।
ਅੱਖ ਅੱਖ ਅਸਾਂ ਸੂਰਜ ਬਣਾਈ ਰੱਖਣੀ।
ਅਸਾਂ ਏਕੇ ਦੀ ਮਸ਼ਾਲ ਜਗਾਈ ਰੱਖਣੀ।

ਸਾਡੇ ਹਾਸਿਆਂ ਦੇ ਨਾਲ ਰਹੇ ਗੂੰਜਦਾ ਇਹ ਵਿਹੜਾ।
ਅਸੀਂ ਵੀਹ ਮਾਂ ਜਾਏ ਸਾਨੂੰ ਵੱਖ ਕਰੂ ਕਿਹੜਾ।
ਅਸਾਂ ਬਾਹਾਂ ਦੀ ਇਹ ਸੰਗਲੀ ਬਣਾਈ ਰੱਖਣੀ।
ਅਸਾਂ ਏਕੇ ਦਾ ਮਸ਼ਾਲ ਜਗਾਈ ਰੱਖਣੀ।

ਸਾਡੀ ਰਹਿਣੀ ਅਤੇ ਬਹਿਣੀ ਹੋਵੇ ਭਾਵੇਂ ਵੱਖ-ਵੱਖ।
ਨਹੀਂ ਪੈਣ ਦੇਣਾ 'ਪੰਛੀ' ਅੱਖ ਵਿੱਚ ਕੱਖ।
ਅੱਖ ਚਾਨਣੇ ਦੇ ਨਾਲ ਮਿਲਾਈ ਰੱਖਣੀ।
ਅਸਾਂ ਏਕੇ ਦੀ ਮਸ਼ਾਲ ਜਗਾਈ ਰੱਖਣੀ।

◆◆◆

## ਦਾਮਿਨੀ

**ਸ਼ਰਨਜੀਤ ਕੌਰ ਨਿਜ਼ਾਮਪੁਰ**



ਮੇਰੇ ਚਿਹਰੇ ਦਾ ਨੂਰ ਕਿੱਥੇ ਏ
ਅੱਖਾਂ ਦਾ ਸਰੂਰ ਕਿੱਥੇ ਏ
ਬੁੱਲੀਆਂ ਦੀ ਕਿਉਂ ਲਾਲੀ ਖੋਹ ਗਈ
ਹੌਕਿਆਂ ਨਾਲ ਕਿਉਂ ਯਾਰੀ ਹੋ ਗਈ
ਕਿਉਂ ਮੇਰੀ ਚੁੰਨੀ ਨਾਲ ਹੀ,
ਮੇਰਾ ਮੂੰਹ ਢੱਕ ਦਿੱਤਾ ਹੈ।

ਕਿਉਂ ਮੈਨੂੰ ਰੋਣ ਦਾ ਹੀ,
ਹੱਕ ਦਿੱਤਾ ਏ
ਕੀ ਹੋਇਆ ਤੇਰੇ ਨਾਲ ਦੱਸ



ਦੱਸ ਬੋਲਕੇ ਉਹ ਪੁੱਛਦੇ ਨੇ
ਕਿਵੇਂ ਤੇਰੇ ਜਿਸਮ ਨੂੰ ਉਹਨਾਂ ਫਰੋਲਿਆ
ਅੱਖਾਂ ਵਿੱਚ ਅੱਖਾਂ ਪਾ ਪੁੱਛਦੇ ਨੇ
ਅੰਦਰ ਮੇਰੇ ਦਰਦਾਂ ਦਾ ਸੈਲਾਬ ਉਠਿਆ
ਸੱਧਰਾਂ ਮੇਰੀਆਂ ਨੂੰ ਕੋਹੜ ਫੁੱਟਿਆ
ਦਰਿੰਦਿਆਂ ਨੇ ਮੈਨੂੰ ਇੰਝ ਲੁੱਟਿਆ।
ਜਿਵੇਂ ਮੁਰਦੇ 'ਤੇ ਇੱਲ੍ਹਾਂ ਦਾ ਝੁੰਡ ਸੁੱਟਿਆ
ਤਨ, ਮਨ ਮੇਰਾ ਮੇਰੇ ਕੋਲੋਂ ਖੁੱਸਿਆ
ਰੱਬ ਮੇਰਾ ਮੇਰੇ ਨਾਲੋਂ ਰੁੱਸਿਆ
ਜਦੋਂ ਪੁਲਿਸ ਵਾਲਿਆਂ ਨੇ ਮੇਰਾ ਨਾਂ ਪੁੱਛਿਆ
ਮੇਰੇ ਬਾਪੂ ਨੇ ਜਵਾਬ ਦਿੱਤਾ..... 'ਦਾਮਿਨੀ'

98554-83413

◆◆◆

# ਕਾਵਿ ਸੰਸਾਰ

## ਗੁਰਭਜਨ ਗਿੱਲ

**ਮੋਬਾਇਲ** 98726-31199

ਜਿਸ ਨੂੰ ਲੋਕੀਂ ਕਹਿਣ ਆਜ਼ਾਦੀ, ਇਸਦਾ ਲੈ ਨਾ ਨਾਂ ਵੇ ਬੱਚਿਆ।
ਸੇਕ ਰਹੀ ਸੰਤਾਲੀ ਤੋਂ ਹੀ, ਅਗਨ ਬਿਰਖ਼ ਦੀ ਛਾਂ ਵੇ ਬੱਚਿਆ।
ਮਰਦੇ ਦਮ ਤੱਕ ਬਾਬਲ ਤੇਰਾ, ਰਿਹਾ ਤੜਫ਼ਦਾ ਆਪਣੇ ਪਿੰਡ ਨੂੰ,
ਇਹ ਧਰਤੀ ਨਾ ਬਣੀ ਕਦੇ ਵੀ, ਉਸ ਦੀ ਖਾਤਰ ਮਾਂ ਵੇ ਬੱਚਿਆ।
ਕੇਰੇ ਬੀਜ ਸਿਆੜਾਂ ਅੰਦਰ, ਖ਼ੂਨ ਪਸੀਨਾ ਬੜਾ ਖ਼ਰਚਿਆ,
ਸਾਡੀ ਫ਼ਸਲ ਉਮੀਦਾਂ ਵਾਲੀ, ਚੂੰਡ ਗਏ ਸਭ ਕਾਂ ਵੇ ਬੱਚਿਆ।
ਭਰੇ ਭਕੁੰਨੇ ਘਰ ਨੂੰ ਛੱਡਿਆ, ਤਨ ਦੇ ਤਿੰਨੇ ਕੱਪੜੇ ਲੈ ਕੇ,
ਇਲਮ ਨਹੀਂ ਸੀ ਉੱਜੜਨ ਵੇਲੇ, ਮੁੜਨਾ ਨਹੀਂ ਇਸ ਥਾਂ ਵੇ ਬੱਚਿਆ।
ਦਸ ਲੱਖ ਤੋਂ ਵੱਧ ਚੰਨ ਸਿਤਾਰੇ, ਮਾਵਾਂ ਵਾਰੇ ਕਿਹੜੇ ਲੇਖੇ,
ਜਸ਼ਨ ਮਨਾਉਂਦਿਆਂ ਨੂੰ ਤੂੰ ਪੁੱਛੀਂ, ਜਦ ਹੋਵੇ ਚੁੱਪ ਚਾਂ ਵੇ ਬੱਚਿਆ।
ਇਹ ਰਾਜੇ ਇਹ ਰਾਜ ਘਰਾਣੇ, ਸਾਡੀ ਰੂਹ ਦੇ ਜ਼ਖ਼ਮ ਪੁਰਾਣੇ,
ਇੱਕੋ ਤਾਸ਼ ਬਵੰਜਾ ਪੱਤੇ, ਚਾਰਨ ਭੋਲੀ ਗਾਂ ਵੇ ਬੱਚਿਆ।
ਉਹੀ ਸਫ਼ਰ ਬਿਖੜਿਆ ਪੈਂਡਾ, ਰਾਤ ਦਿਵਸ ਦੇ ਸੰਸੇ ਝੋਰੇ,
ਸਿਰਫ਼ ਟਿਕਾਣਾ ਬਦਲ ਗਿਆ ਹੈ, ਇਹ ਕੁਝ ਦੱਸਿਐ ਤਾਂ ਵੇ ਬੱਚਿਆ।

## ਬਲਬੀਰ ਸਿੰਘ ਸੈਣੀ

94646-47540



ਵਾਵਰੋਲ਼ਾ ਹਾਂ ਮੈਂ ਜਿਸ ਦਾ ਥਹੁ-ਪਤਾ ਕੋਈ ਨਹੀਂ।
ਕਿੱਧਰ ਜਾਊ, ਕਿੱਥੇ ਮੁੱਕੂ, ਜਾਣਦਾ ਕੋਈ ਨਹੀਂ।

ਪੁਲਿਸ ਚੌਂਕੀ ਕੋਲ਼ ਇਕ ਮਾਸੂਮ ਹੈ ਲੁੱਟੀ-ਗਈ,
ਉਹ ਚਿਲਾਂਦੀ ਮਰ ਗਈ ਪਰ ਬਹੁੜਿਆ ਕੋਈ ਨਹੀਂ।

ਬਾਪ ਨੂੰ ਪੁੱਛੋ, ਉਹ ਦੱਸੂ, ਕਿੱਡੀ ਵੱਡੀ ਹੈ ਸਜ਼ਾ,
ਚਾਰ ਪੁੱਤਰ ਨੇ ਉਦ੍ਹੇ ਪਰ ਪੁੱਛਦਾ ਕੋਈ ਨਹੀਂ।

ਹਰ ਜਗ੍ਹਾ ਤੇ ਕਤਲ, ਡਾਕੇ, ਰੇਪ, ਅਗਵਾ, ਖ਼ੁਦਕੁਸ਼ੀ,
ਮਾਰਦੇ ਨੇ ਟਾਹਰਾਂ ਸਭ ਹੱਲ ਨਿਕਲਦਾ ਕੋਈ ਨਹੀਂ।

ਹਾਦਸੇ ਤਾਂ ਹੋਰ ਵੀ ਹੁੰਦੇ ਨੇ ਨਿੱਤ ਹੀ ਦੋਸਤੋ,
ਕਰਜ਼ੇ ਦੁੱਖ ਤੋਂ ਮਰਨੋਂ ਵੱਡਾ ਹਾਦਸਾ ਕੋਈ ਨਹੀਂ।

ਵਧ ਰਹੇ ਨੇ ਜ਼ੁਲਮ ਤੇਰੇ ਹਾਕਮਾਂ, ਸਭ ਨੂੰ ਪਤੈ,
ਸਮਝ ਨਾ ਕਿ ਤੈਨੂੰ 'ਸੈਣੀ', ਵੇਖਦਾ ਕੋਈ ਨਹੀਂ।

◆◆◆

## ਰਾਧਾ ਤੇ ਰੁਕਮਣੀ

**ਜਨਕਪ੍ਰੀਤ ਬੇਗੋਵਾਲ**



ਵਗਦੀ ਹਵਾ ਦੇ ਬੁੱਲ੍ਹੇ ਲੈ ਜਾ ਪੈਗ਼ਾਮ ਮੇਰਾ।
ਮਹਿਬੂਬ ਦੇ ਦਰਾਂ 'ਤੇ ਆ ਲਿਖ ਕੇ ਨਾਮ ਮੇਰਾ।
ਸੂਰਜ ਸੁਬ੍ਹਾ ਦਾ ਹਾਂ ਮੈਂ ਕਿਰਨਾਂ 'ਚ ਲਾਲਮਾ ਹੈ,
ਖਿੜਦੇ ਨੇ ਫੁੱਲ ਸਾਰੇ ਲੈ ਕੇ ਸਲਾਮ ਮੇਰਾ।
ਪੀਵਾਂ ਮੈਂ ਰੋਜ਼ ਤੇਰੇ ਨੈਣਾਂ ਨਸ਼ੀਲਿਆਂ 'ਚੋਂ,
ਤਾਂ ਹੀ ਕਦੀ ਵੀ ਖਾਲੀ ਹੋਇਆ ਨਾ ਜਾਮ ਮੇਰਾ।
ਰਾਧਾ ਤੇ ਰੁਕਮਣੀ ਨੇ ਪਾਇਆ ਗੋਪਾਲ ਭਾਵੇਂ,



ਮੀਰਾ ਵੀ ਆਖ਼ਦੀ ਸੀ ਸਦੀਆਂ ਤੋਂ ਸ਼ਾਮ ਮੇਰਾ।
ਆਪਣੇ ਨਾ ਵਾਅਦਾ ਕਰਕੇ, ਦੁਸ਼ਮਣ ਜਾਂ ਯਾਰ ਹੋਵੇ,
ਫਿਰ ਉਮਰ ਭਰ ਨੂੰ ਉਸਨੂੰ ਹੋਵੇ ਕਲਾਮ ਮੇਰਾ।
ਗ਼ੈਰਾਂ ਦੇ ਆਖੇ ਉਸਨੇ ਬਦਨਾਮ ਕੀਤਾ ਮੈਨੂੰ,
ਏਹੋ ਵਫ਼ਾ ਦਾ ਮੈਨੂੰ ਮਿਲਿਆ ਇਨਾਮ ਮੇਰਾ।
ਕਰਕੇ ਲੰਮੇਰਾ ਪੈਂਡਾ ਸਾਗਰ 'ਚ ਮਿਲਨ ਨਦੀਆਂ,
ਮੈਨੂੰ ਨਾ 'ਪ੍ਰੀਤ' ਹਾਲੇ ਮਿਲਿਆ ਮੁਕਾਮ ਮੇਰਾ।

98769-44703

◆◆◆

## ਪ੍ਰੋ. ਜਸਵੰਤ ਸਿੰਘ ਕੈਲਵੀ

98783-81474



ਨਦੀ ਦਰਦ ਦੀ ਦਿਲ 'ਚ ਵਹਿੰਦੀ ਰਹੀ।
ਸਿਤਮ ਜਾਨ ਮੇਰੀ ਇਹ ਸਹਿੰਦੀ ਰਹੀ।

ਫਲ੍ਹਾ ਬੇਰੁਖੀ ਦਾ ਇਹ ਚਲਦਾ ਰਿਹਾ,
ਮਿਰੀ ਜਿੰਦ ਟੁੱਟਦੀ ਤੇ ਗਹਿੰਦੀ ਰਹੀ।

ਮਿਰੀ ਰੂਹ ਦੀ ਟਾਹਣੀ ਰਹੀ ਲਰਜ਼ਦੀ,
ਚਿੜੀ ਯਾਦ ਤੇਰੀ ਦੀ ਬਹਿੰਦੀ ਰਹੀ।

ਉਡੀਕਾਂ ਮੈਂ ਤੈਨੂੰ ਮਿਰੇ ਹਮਸਫ਼ਰ
ਰਵੀ ਛੁਪ ਗਿਆ, ਰਾਤ ਲਹਿੰਦੀ ਰਹੀ।

ਬੜਾ ਖ਼ੂਨ ਡੁੱਲ੍ਹਾ ਸਮੁੰਦਰ ਭਰੇ,
ਇਹ ਜੀਵਨ ਦੇ ਹੱਥਾਂ 'ਤੇ ਮਹਿੰਦੀ ਰਹੀ।

ਰੁਕੀ ਜ਼ਿੰਦਗੀ , ਇਹ ਨਾ ਹਾਰੀ ਕਦੇ
ਸਦਾ ਮੌਤ ਇਸ ਨਾਲ ਖਹਿੰਦੀ ਰਹੀ।

ਨਾ ਫਿੱਕਾ ਪਿਆ ਰੰਗ ਵਿਸ਼ਵਾਸ ਦਾ
ਕੁਫ਼ਰ ਦੀ ਹਨ੍ਹੇਰੀ ਇਹ ਲਹਿੰਦੀ ਰਹੀ।

ਜਿਦਾ ਅਜ਼ਮ ਪੁਖਤਾ, ਨਸੀਬੀਂ ਫਤਹਿ,
ਉਦ੍ਹੇ ਦਰ ਆ ਕਿਸਮਤ ਵੀ ਢਹਿੰਦੀ ਰਹੀ।

ਨਾ ਹਾਰੋ, ਨਾ ਬੈਠੋ, ਤੁਰੋ ਸਾਥੀਓ
ਕਲਮ ਕੈਲਵੀ ਦੀ ਇਹ ਕਹਿੰਦੀ ਰਹੀ।

◆◆◆

## ਭਜਨ ਸਿੰਘ ਵਿਰਕ

ਮਿਹਨਤ ਦਰ ਦਰ ਅੱਡ ਰਹੀ ਹੈ ਹੱਥਾਂ ਦੇ ਸਿਰਨਾਵੇਂ।
ਤਖ਼ਤਾਂ ਵਾਲੇ ਨਹੀਂ ਜਾਣਦੇ ਦੁੱਖਾਂ ਦੇ ਸਿਰਨਾਵੇਂ।

ਕੀ ਹੁੰਦਾ ਹੈ ਘਾਟਾ ਵਾਧਾ, ਸਾਨੂੰ ਸਮਝ ਨਾ ਆਈ;
ਬਾਂਦਰ ਦੇ ਹੀ ਬਾਂਦਰ ਆਪਾਂ, ਖਿੱਲਾਂ ਦੇ ਸਿਰਨਾਵੇਂ।

ਪੱਕਣ ਵੇਲੇ ਅਕਸਰ ਮੌਸਮ ਦੀ ਇਹ ਮਾਰ ਸਹਾਰਨ;
ਫਿਰ ਮੰਡ ਵਿੱਚ ਰੁਲ਼ਦੇ ਰਹਿੰਦੇ ਫਸਲਾਂ ਦੇ ਸਿਰਨਾਵੇਂ।

ਗੁਰਧਾਮਾਂ ਵਿੱਚ ਜਾ ਕੇ ਆਪਾਂ ਫਰਸ਼ੋਂ ਗਰਦਾ ਧੋਈਏ,
ਪਿਆਰ ਨਾਲ ਨਾ ਧੋਂਦੇ ਹਾਂ ਮਨ-ਮੰਦਰਾਂ ਦੇ ਸਿਰਨਾਵੇਂ।

ਸਾਰੇ ਪੰਛੀ ਮੁੜਨ ਘਰਾਂ ਨੂੰ ਦਾਣਾ ਦੁਣਕਾ ਚੁਗ ਕੇ,
ਵਕਤ ਪਰਾਂ 'ਤੇ ਲਿਖਦਾ ਹੈ ਜਦ ਸ਼ਾਮਾਂ ਦੇ ਸਿਰਨਾਵੇਂ।

ਆਪਣਾ ਆਪਣਾ ਸਫ਼ਰ ਮੁਕਾ ਕੇ, ਕੋਈ ਇੱਧਰੋਂ, ਕੋਈ ਉਧਰੋਂ,
ਭਵ-ਸਾਗਰ ਵਿੱਚ ਮਿਲ ਜਾਂਦੇ ਨੇ ਨਦੀਆਂ ਦੇ ਸਿਰਨਾਵੇਂ।

ਰਹਿੰਦ-ਖੂੰਹਦ ਨੂੰ ਟੁੱਟ ਕੇ ਪੈਂਦੀ, ਨਿੱਕੀ ਸੋਚ ਨਿਕੰਮੀ;
ਕੁਝ ਲੋਕੀਂ ਹੀ ਟੋਲਣ ਚੰਗੀਆਂ ਲਿਖਤਾਂ ਦੇ ਸਿਰਨਾਵੇਂ।

ਸਾਨੂੰ ਬੜੇ ਲੁਭਾਉਂਦੇ ਅੱਜਕਲ੍ਹ, ਸੁਰਗਾਂ ਦੇ ਜੋ ਲਾਰੇ;
ਦਰ ਦਾਤੇ ਦਾ ਬਣਦੇ ਤਾਹੀਂ ਭੀੜਾਂ ਦੇ ਸਿਰਨਾਵੇਂ।



## ਪ੍ਰਤਾਪ ਪਾਰਸ ਗੁਰਦਾਸਪੁਰੀ

ਪਿੰਡੋਂ ਸ਼ਹਿਰ ਕੀ ਦੂਰ ਕਿਸੇ ਜੇ ਮਿਲਣਾ ਹੋਵੇ,
ਬਸ ਹੋਵੇ ਤਾਂਘ ਹਜ਼ੂਰ ਕਿਸੇ ਜੇ ਮਿਲਣਾ ਹੋਵੇ।

ਵਾਧਾ-ਘਾਟਾ ਲਫ਼ਜ਼ਾਂ ਵਿੱਚ ਸੁਭਾਵਿਕ ਹੈ,
ਬਹੁਤਾ ਨਹੀਂ ਕਸੂਰ ਕਿਸੇ ਜੇ ਮਿਲਣਾ ਹੋਵੇ।
ਅਕਸਰ ਸਾਰੇ ਰੋਟੀ ਖਾ ਕੇ ਸੌਂਦੇ ਨੇ,
ਕਾਹਦੇ ਭਲਾ ਗਰੂਰ ਕਿਸੇ ਜੇ ਮਿਲਣਾ ਹੋਵੇ।
ਸ਼ਿਕਵੇ ਅਤੇ ਸ਼ਕਾਇਤਾਂ ਪਿਆਰ 'ਚ ਵਾਜਬ ਹੈ,
ਝਿੜਕਾਂ ਕੀ ਏ ਘੂਰ ਕਿਸੇ ਜੇ ਮਿਲਣਾ ਹੋਵੇ।
ਹੋ ਸਕਿਆ ਜਾਂ ਕੋਸ਼ਿਸ਼ ਕਰਨੀ ਕਹਿੰਦਾ ਜੋ,
ਵਰਤੇ ਸ਼ਬਦ ਜ਼ਰੂਰ ਕਿਸੇ ਜੇ ਮਿਲਣਾ ਹੋਵੇ।
ਤੰਗੀ-ਤੁਰਸ਼ੀ ਕੀ ਏ ਕੀ ਮਜ਼ਬੂਰੀ ਏ,
ਹੁੰਦਾ ਨਾ ਉਹ ਚੂਰ ਕਿਸੇ ਜੇ ਮਿਲਣਾ ਹੋਵੇ।
ਦੁਨੀਆਂ ਪਿੱਛੇ ਲੱਗਕੇ ਰਾਹ ਨਹੀਂ ਛੱਡੀ ਦੇ,
ਇਕ ਦਾ ਰਹੇ ਸਰੂਰ ਕਿਸੇ ਜੇ ਮਿਲਣਾ ਹੋਵੇ।
ਸੌ ਆਸ਼ਿਕ ਤੋਂ ਤਦਬੀਰਾਂ, ਤਹਿਰੀਰਾਂ ਨੇ,
ਝੱਟ ਬਣ ਜਾਂਦਾ ਟੂਰ ਕਿਸੇ ਜੇ ਮਿਲਣਾ ਹੋਵੇ।
ਉਤੋਂ ਉਤੋਂ ਪਿਆਰ ਵਿਖਾਵਾ ਹੋਵੇ ਨਾ,
ਮੋਹ ਹੋਵੇ ਭਰਭੂਰ ਕਿਸੇ ਜੇ ਮਿਲਣਾ ਹੋਵੇ।
ਦੋ ਫ਼ਰਲਾਂਘ 'ਤੇ "ਖੂੰਡਾ" ਲੱਖਾਂ ਸਾਧਨ ਨੇ,
ਕਾਹਦ ਫਿਰ ਮਜ਼ਬੂਰ ਕਿਸੇ ਜੇ ਮਿਲਣਾ ਹੋਵੇ।
"ਪਾਰਸ" ਕਿਹੜਾ ਵਿਚ "ਚੇਨਈ" ਰਹਿੰਦਾ ਏ,
"ਪ੍ਰੇਮ ਨਗਰ ਮਸ਼ਹੂਰ ਕਿਸੇ ਜੇ ਮਿਲਣਾ ਹੋਵੇ।

09988811681

◆◆◆

# ਗੀਤ ਸੰਸਾਰ

## ਨਾ ਰਹੇ ਉਹ....

ਬਬਲਾ ਬੇਗੋਵਾਲ



ਨਾ ਰਹੇ ਉਹ ਘੜੇ ਨਾ ਚੁਕਾਉਣ ਵਾਲੇ
ਨਾ ਰਹੇ ਉਹ ਸਾਂਝਾਂ ਗੂੜੀਆਂ ਪਾਉਣ ਵਾਲੇ,
ਨਾ ਰਹੀਆਂ ਉਹ ਸੱਥਾਂ ਨਾ ਉਹ ਬਾਬੇ ਰਹਿ ਗਏ ਨੇ ,
ਜਿਹੜੇ ਰਹਿ ਗਏ ਉਹ ਪੁੱਤ ਕੈਨੇਡਾ ਲੈ ਗਏ ਨੇ

ਛਿੰਝਾਂ ਦੇ ਵਿੱਚ ਖੜ ਕੇ ਪੈਲਾਂ ਪਾਉਣ ਵਾਲੇ ,
ਨਾ ਰਹੇ ਉਹ ਪੀਂਘਾਂ ਅਸਮਾਨੀ ਲਾਉਣ ਵਾਲੇ
ਕੌਡੀ ਖੇਡਾਂ ਵਾਲੇ ਨਾ ਉਹ ਗੱਭਰੂ ਰਹਿ ਗਏ ਨੇ,
ਮੈਕਸੀਕੋ ਬਾਡਰ ਰਾਹੀਂ ਉਹ ਅਮਰੀਕਾ ਵਾਲੇ ਲੈ ਗਏ ਨੇ

ਕਿਹੜੀ ਗੱਲ ਤੂੰ ਕਰਦੈਂ ਮਿੱਤਰਾ ਪਿਆਰ ਵਾਲੀ,
ਨਾ ਰਹੀ ਏ ਗੱਲ ਅੱਜ ਜਿੱਤ ਤੇ ਹਾਰ ਵਾਲੀ
ਹਾਸੇ ਨਾ ਹੁਣ ਬੁਲੀਆਂ ਤੇ ਉਹ ਰਹਿ ਗਏ ਨੇ ,
ਮਾਂਵਾਂ ਤੋ ਖੋਹ ਪੁੱਤ ਪ੍ਰਦੇਸੀ ਉਹ ਲੈ ਗਏ ਨੇ

ਕਿਥੋਂ ਮੁੜ ਕੇ ਆਵੇਗਾ ਉਹ ਪੰਜਾਬ ਪੁਰਾਣਾ ,
ਕੌਣ ਮੋੜ ਲਿਆਵੇਗਾ ਉਹ ਸਾਦਾ ਖਾਣਾ ਪਾਣਾ
ਨਿਊਡਲ ਬਰਗਰ ਚਾਂਪਾਂ ਤੇ ਬੱਸ ਪੀਜੇ
ਰਹਿ ਗਏ ਨੇ,
ਸੱਭਿਆਚਾਰ ਪੰਜਾਬ ਦਾ ਉਹ ਗੋਰੇ ਲੈ ਗਏ ਨੇ

◆◆◆

## ਰਲ ਮਿਲ ਜੀਵੋ

ਸੁਰਜੀਤ 'ਦੇਵਲ'

ਜੰਗ ਦੇ ਮਾੜੇ ਹੋਣ ਨਤੀਜੇ, ਕਦੇ ਵਿਸਾਰੋ ਨਾ।
ਐਟਮ ਸ਼ਕਤੀ ਦੇ ਦਬ ਕੇ, ਇਕ ਦੂਜੇ ਨੂੰ ਮਾਰੋ ਨੋ।



ਸਾਕ ਨੇੜੇ ਦਾ ਹੋਣ ਗੁਆਂਢੀ ਬੈਠ ਵਿਚਾਰ ਕਰੋ।
ਰਲ ਮਿਲ ਜੀਵੋ ਜਿਉਣ ਦਿਓ, ਨਾ ਓਏ ਵਾਰ ਕਰੋ

ਜੰਨਤ ਦੇ ਵਿੱਚ ਲਾਂਬੂ ਲਾ ਕੇ, ਰਗ ਰਗ ਸੇਕੋ ਨੋ।
ਮਾਵਾਂ ਦੇ ਪੁੱਤਾਂ ਦੇ ਸਿਵਿਆਂ ਦੀ, ਅੱਗ ਸੇਕੋ ਨਾ।
ਕਰਨਾ ਹੈ ਤਾਂ ਸਦਾ ਗੁਆਂਢੀ, ਤੇ ਉਪਕਾਰ ਕਰੋ
ਰਲ ਮਿਲ ਜੀਵੇ.....

ਹੁੰਦੀਆਂ ਰੰਡੀਆਂ ਏਧਰ ਓਧਰ, ਧੀਆਂ ਭੈਣਾਂ ਮਾਵਾਂ।
ਬੱਚੇ ਹੋਣ ਯਤੀਮ ਸਿਰਾਂ ਤੋਂ, ਉਠਣ ਹਾਏ ਛਾਵਾਂ।
ਜੰਗ 'ਚ ਹੁੰਦੇ ਵੀਰ ਅਪਾਹਜ, ਨਾ ਬੇ-ਕਾਰ ਕਰੋ
ਰਲ ਮਿਲ ਜੀਵੋ.....

ਕਰਨੀ ਹੈ ਤਾਂ ਦੇਸ਼ 'ਚੋਂ ਬੇ-ਰੁਜ਼ਗਾਰੀ ਦੂਰ ਕਰੋ।
ਭੁੱਖ-ਗ਼ਰੀਬੀ, ਆਪੋ-ਆਪਣੇ ਦੇਸ਼ 'ਚੋਂ ਕੱਢ ਧਰੋ।
ਫੁੱਟ ਪਾਥਾਂ ਤੇ ਸੌਣ ਵਾਲਿਆਂ, ਲਈ ਘਰ ਤਿਆਰ ਕਰੋ
ਰਲ ਮਿਲ ਜੀਵੋ......

ਆਪੋ ਆਪਣੇ ਦੇਸ਼ ਦੇ ਰਾਖਿਓ, ਰਾਖੀ ਜ਼ਰੂਰ ਕਰੋ।
ਸਕੇ ਭਰਾਵਾਂ ਵਾਂਗੂੰ ਰਹਿ ਕੇ, ਦਿਲਾਂ 'ਚ ਪਿਆਰ ਭਰੋ।
'ਦੇਵਲ' ਹੱਦਾਂ ਰੱਬ ਮਿਟਾਵੇ, ਦਿਲੋਂ ਪੁਕਾਰ ਕਰੋ
ਰਲ ਮਿਲ ਜੀਵੋ.....

92563-67202

◆◆◆

## ਗੀਤ

ਪੰਜਾਬ ਇਹ ਕਹਿੰਦਾ ਹੈ, ਦਿੱਲੀ ਨੂੰ ਸੁਣਾਉਂਦਾ ਹੈ।
ਇਹ ਜ਼ਖ਼ਮ ਜੋ ਹੱਲਿਆ ਦਾ, ਮੈਨੂੰ ਤੜਪਾਉਂਦਾ ਹੈ।

ਮੇਰੀ ਹੀ ਧਰਤੀ ਕਿਉਂ? ਦੱਸ ਲੀਰੋ ਲੀਰ ਹੋਈ।
ਤੱਕ ਜਿਉਂਦੀਆਂ ਲਾਸ਼ਾਂ ਨੂੰ ਨਾ ਮਿਲੀ ਅਜੇ ਢੋਈ।
ਨਿੱਤ ਖ਼ੂਨ 'ਚ ਰੰਗਿਆ ਹੀ ਮੈਨੂੰ ਸੁਪਨਾ ਆਉਂਦਾ ਹੈ।
ਪੰਜਾਬ ਇਹ ਕਹਿੰਦਾ ਹੈ.....।

ਮੇਰੀ ਹੀ ਧਰਤੀ ’ਤੇ ਸੁਣ ਮੇਰੀਆਂ ਬੱਚੀਆਂ ਨੂੰ।
ਕੋਈ ਕਿਧਰ ਲੈ ਤੁਰਿਆ ਉਨ੍ਹਾਂ ਉਮਰੋ ਕੱਚੀਆਂ ਨੂੰ।
ਉਨ੍ਹਾਂ ਚੀਕਾਂ ਦੇ ਸੰਗ ਹੀ ਮੇਰਾ ਦਿਲ ਕੁਰਲਾਉ2ਦਾ ਹੈ।
ਪੰਜਾਬ ਇਹ ਕਹਿੰਦਾ ਹੈ.....।



ਕੰਨ, ਅੱਖਾਂ, ਮੂੰਹ ਤੇਰੇ ਸਦਾ ਬੰਦ ਹੀ ਨੇ ਰਹਿੰਦੇ।
ਤੂੰ ਪੀੜਾ ਕੀ ਜਾਣੇ ਜੋ ਪੀੜਾ ਉਹ ਸਹਿੰਦੇ।
ਕੋਈ ਰਾਖਾ ਨਾ ਤੇਰਾ ਆ ਧੀ ਧਰਾਉਂਦਾ ਹੈ।
ਪੰਜਾਬ ਇਹ ਕਹਿੰਦਾ ਹੈ........।

ਗੱਲ ਸੁਣ ਲੈ ਮੇਰੀ ਤੂੰ ਮੇਰੇ ਹਮ ਸਾਏ ਜੋ।
ਉਹ ਹੱਥ ਨਹੀਂ ਅੱਡਦੇ ਮਿਹਨਤ ਦੇ ਜਾਏ ਜੋ।
ਉਨ੍ਹਾਂ ਸੰਗ ‘ਗੁਰਮ’ ਹੈ ਜਾ ਮੈਨੂੰ ਮਹਿਕਾਉਂਦਾ ਹੈ।

ਪੰਜਾਬ ਇਹ ਕਹਿੰਦਾ ਹੈ, ਦਿੱਲੀ ਨੂੰ ਸੁਣਾਉਂਦਾ ਹੈ।
ਇਹ ਜ਼ਖ਼ਮ ਜੋ ਹੱਲਿਆ ਦਾ, ਮੈਨੂੰ ਤੜਪਾਉਂਦਾ ਹੈ।

**ਜਗਜੀਤ ਸਿੰਘ ਗੁਰਮ**
99147-01668

◆◆◆

## ਪ੍ਰਿੰ. ਸੁਖਬੀਰ ਸਿੰਘ ‘ਨੂਰ’

ਰੰਗਲੇ ਪੰਜਾਬ ਦੇ ਰੰਗ ਕੌਣ ਲੈ ਗਿਆ।
ਜਿੰਦਾਦਿਲੀ ਦੇ ਢੰਗ ਕੌਣ ਲੈ ਗਿਆ।
ਬੱਗਿਆਂ ਤੇ ਸਾਵਿਆਂ ਤੇ ਪਾ ਕੇ ਪੰਜਾਲੀਆਂ।
ਤੁਰ ਪੈਣਾ ਤੜਕੇ ਖੇਤਾਂ ਨੂੰ ਹਾਲੀਆਂ।
ਮਧਾਣੀ ਤੇ ਛੜਕਦੀ ਵੰਗ ਕੌਣ ਲੈ ਗਿਆ।
ਜਿੰਦਾਦਿਲੀ....

ਖੂੰਡਾਂ ਤੇ ਨਾ ਬਹਿੰਦੀਆਂ ਬਾਬਿਆਂ ਦੀਆਂ ਢਾਣੀਆਂ
ਭੱਤਾ ਲੈ ਕੇ ਖੇਤਾਂ ਨੂੰ ਨਾ ਜਾਂਦੀਆਂ ਸੁਆਣੀਆਂ।
ਘੁੰਡ ’ਚ ਲੁੱਕੀ ਹੋਈ ਸੰਗ ਕੌਣ ਲੈ ਗਿਆ।
ਜਿੰਦਾਦਿਲੀ....



ਗੁਰਮੀਤ ਬਾਵਾ ਦੀ ਹੇਕ ਤੇ ਯਮਲੇ ਦੀ ਤੂੰਬੀ।
ਵਿਹੜੇ ਵੜਨ ਤੋਂ ਪਹਿਲਾਂ ਉਹ ਖੜਕਦੀ ਖੂੰਢੀ।
ਬਾਪੂ ਦੀ ਉਹ ਝੂਠੀ ਮੂਠੀ ਖੰਘ ਕੌਣ ਲੈ ਗਿਆ।
ਜਿੰਦਾਦਿਲੀ.....

ਛੱਲੀਆਂ ਮਰੀਂਡੇ ਕਿਸੇ ਨੂੰ ਨਾ ਪਚਦੇ।
ਲੱਪ ਲੱਪ ਲੋਕ ਦਵਾਈਆਂ ਨੇ ਫੱਕਦੇ।
ਕੜਾਹੇ ਵਿੱਚੋਂ ਡਿਗਦੀ ਪੱਤ ਵਾਲੇ ਗੰਡ ਕੌਣ ਗਿਆ।
ਜਿੰਦਾਦਿਲੀ.....

ਉਹ ਮੇਲੇ ਉਹ ਰਾਸਾਂ ਬਾਜੀਗਰਾਂ ਦੇ ਖੇਲ।
ਉਹ ਸਿਠਣੀਆਂ ਘੋੜੀਆਂ, ਉਹ ਨਾਨਕਾ ਮੇਲ।
‘ਨੂਰ’ ਜੀਜੇ ਸਾਲੀ ਵਾਲੇ ਛੰਡ ਕੌਣ ਲੈ ਗਿਆ।
ਜਿੰਦਾਦਿਲੀ.....

82830-80964

◆◆◆

## ਦੋ ਰੁਬਾਈਆਂ

**ਪ੍ਰਿੰ. ਨਵਰਾਹੀ ਘੁਗਿਆਣਵੀ**
98150-02302

ਅਸਲ ਆਜ਼ਾਦੀ ਕਦ ਆਵੇਗੀ, ਕਰਦੇ ਰਹੇ ਉਡੀਕਾਂ।
ਯੁਗਾਂ ਯੁਗਾਂ ਤੋਂ ਚੰਚਲ ਯੁਵਤੀ ਪਾਉਂਦੀ ਰਹੀ ਤਾਰੀਕਾਂ।
ਜਦ ਤਾਈਂ ਸਰਮਾਏਦਾਰੀ, ਬੈਠੀ ਖੰਭ ਖਿਲਾਰੀ;
ਨਵਰਾਹੀ ਬੰਦ ਹੋਣ ਕਿਸ ਤਰ੍ਹਾਂ ਮਾਸੂਮਾਂ ਦੀਆਂ ਚੀਕਾਂ?

ਮੇਰੇ ਮਿੱਤਰ, ਦਿਲ ਦੇ ਰਾਹ ਵਿੱਚ ਕਦੋਂ ਸਿਆਣਪ ਚੱਲੇ?
ਏਥੇ ਤਾਂ ਜੋ ਸਿਰਲੱਥ ਹੋਵੇ, ਉਸ ਦੀ ਬੱਲੇ ਬੱਲੇ।
ਏਥੇ ਲੋੜ ਦਿਲੇਰੀ ਦੀ ਹੈ, ਸੋਚਾਂ ਦੀ ਗੁੰਜਾਇਸ਼ ਨਹੀਂ,
ਨਵਰਾਹੀ ਦਿਲਦਾਰ ਸੰਭਾਲਣ, ਸੋਖ਼ ਹੁਸਨ ਦੇ ਹੱਲੇ।

◆◆◆

## ਕੁਝ ਚੋਣਵੇਂ ਸ਼ਿਆਰ

ਤੇਜ਼ ਹੈ ਧੜਕਣ ਮੇਰੀ ਤੇ ਰੂਹ 'ਚ ਭਰਿਆ ਹੈ ਸਰੂਰ।
ਅੱਜ ਕਿਸੇ ਨੇ ਦੂਰ ਮੈਨੂੰ ਯਾਦ ਕੀਤਾ ਹੈ ਜ਼ਰੂਰ।

**ਸੁਰਜੀਤ ਰਾਮਪੁਰੀ**

ਆਏ ਖ਼ਬਰ ਨੂੰ, ਨਾਲ ਪਰ ਲੈ ਕੇ ਰਕੀਬ ਨੂੰ,
ਪੀਣਾ ਪਿਆ ਏ ਜ਼ਹਿਰ ਵੀ, ਦਿਲ ਦੀ ਦਵਾ ਦੇ ਨਾਲ।

**ਬਿਸਮਿਲ ਫਰੀਦਕੋਟੀ**

ਪੱਤਝੜ ਦੇ ਭੰਨੇ ਪੰਛੀਆਂ, ਪੱਤਝੜ ਨੂੰ ਆਖਿਆ
ਦਿਲ ਜੇ ਅਸਾਡਾ ਪਰਖਾਣਾ, ਬਿਜਲੀ ਗਿਰਾ ਕੇ ਦੇਖ!

**ਗੁਲਵੰਤ ਫ਼ਾਰਗ਼**

ਆਇਆ ਸਮਾਂ ਹੈ ਦੋਸਤੋ, ਗੀਤਾਂ ਉਲਟਾਉਣ ਦਾ,
ਆਓ, ਥਲਾਂ ਦੀ ਰੇਤ ਨੂੰ, ਅੰਬਰਾਂ 'ਤੇ ਚਾੜ੍ਹੀਏ!

**ਨਵਰਾਹੀ ਘੁਗਿਆਣਵੀ**

# ਪੁਸਤਕ ਸਮੀਖਿਆ

## ਦੁਆਬੇ ਦੀ ਸ਼ਾਇਰੀ ਦਾ ਦਰਪਣ— ' ਸ਼ਬਦ ਸਿਰਜਣਹਾਰੇ'

**—ਡਾ. ਜਗੀਰ ਸਿੰਘ ਨੂਰ**



' ਸ਼ਬਦ ' ਅਗੰਮੀ ਬੋਧ ਦਾ ਪ੍ਰਗਟਾਵਾ ਹੈ। ਇਹ ਲੋਕ-ਪਰਲੋਕ ਦੀ ਸੋਝੀ ਕਰਵਾਉਂਦਾ ਹੈ। ਇਸਦੀਆਂ ਰਿਸ਼ਮਾਂ ਮਾਨਵੀ ਜੀਵਨ ਦੇ ਹਰ ਪੱਖ ( ਸਰੂਪ ) ਨੂੰ ਰੁਸ਼ਨਾਉਂਦੀਆਂ ਹਨ ਅਤੇ ਸਮੁੱਚੀ ਮਾਨਵਤਾ ਇਸਦੇ ਭਾਵ-ਬੋਧ ਜ਼ਰੀਏ ਦੁੱਖਾਂ-ਕਲੇਸ਼ਾਂ, ਵੈਰ-ਵਿਰੋਧਾਂ ਤੋਂ ਸੁਰਖ਼ੁਰੂ ਹੋ ਕੇ ਉਸਾਰੂ-ਮਾਰਗ ਧਾਰਨ ਕਰਨ ਦੇ ਸਮਰੱਥ ਹੋ ਜਾਂਦੀ ਹੈ। ਇਸੇ ਪ੍ਰਸੰਗਤਾ ਵਿਚ ਹੀ ਸਾਡੇ ਸਾਹਮਣੇ ਵਿਚਾਰਾਧੀਨ ਪੁਸਤਕ ' ਸ਼ਬਦ ਸਿਰਜਣਹਾਰੇ ' ਹੈ। ਇਸ ਪੁਸਤਕ ਨੂੰ ਮਨੋਜ ਫਗਵਾੜਵੀ ਨੇ ਸੰਪਾਦਿਤ ਕੀਤਾ ਹੈ ਅਤੇ ਦੁਆਬੇ ਦੇ ਖੇਤਰ ਦੇ ਬਾਰਾਂ ਕਵੀਆਂ ਦੀਆਂ ਚੋਣਵੀਆਂ ਕਾਵਿ-ਕਿਰਤਾਂ ਨੂੰ ਅੰਕਿਤ ਕੀਤਾ ਹੈ। ਇਨ੍ਹਾਂ ਕਵੀਆਂ ਦੀਆਂ ਇਹ ਕਵਿਤਾਵਾਂ 10 ਤੋਂ 16-17 ਪੰਨਿਆਂ



ਤਕ ਸਥਾਨ ਗ੍ਰਹਿਣ ਕਰਦੀਆਂ ਹਨ। ਹਰੇਕ ਕਵੀ ਦੀਆਂ ਕਾਵਿ-ਕਿਰਤਾਂ ਤੋਂ ਪਹਿਲਾਂ ਕਵੀ ਦਾ ਜੀਵਨ ਅਤੇ ਰਚਨਾਤਮਿਕ ਬਿਉਰਾ ਦਿੱਤਾ ਗਿਆ ਹੈ।

ਸੱਭ ਤੋਂ ਪਹਿਲਾਂ ' ਦਾਗ਼ ਗ਼ਜ਼ਲ ਸਕੂਲ ' ਦੇ ਪੈਰੋਕਾਰ ਆਰਿਫ ਗੋਬਿੰਦਪੁਰੀ ਦੀਆਂ ਗ਼ਜ਼ਲਾਂ ਅੰਕਿਤ ਹਨ। ਆਰਿਫ ਗੋਬਿੰਦਪੁਰੀ ਦੀਆਂ ਇਹ ਗ਼ਜ਼ਲਾਂ ਗੁਰਮੁਖੀ ਲਿਪੀ ਵਿਚ ਉਰਦੂ ਅਤੇ ਪੰਜਾਬੀ ਜ਼ੁਬਾਨ 'ਚ ਹਨ। ਇਹ ਕਵੀ ਸਮਕਾਲੀਨ ਸਮਾਜਕ, ਰਾਜਨੀਤਕ, ਆਰਥਿਕ ਅਤੇ ਆਡੰਬਰੀ ਧਾਰਮਿਕਤਾ ਨੂੰ ਗੰਭੀਰਤਾ ਨਾਲ ਸਮਝਦਾ ਹੋਇਆ ਸੰਬੰਧਿਤ ਦੰਭੀ ਆਲੰਬਰਦਾਰਾਂ ਅਤੇ ਅਖੌਤੀ ਰਹਿਬਰਾਂ ਨੂੰ ਖ਼ੂਬ ਨੰਗਾ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ। ਉਸਦਾ ਬਿਆਨ ਹੈ ਕਿ—

ੳ ਅੱਲ੍ਹਾ ਯਹਾਂ ਕਹਾਂ ਹੈ ਅਰ ਅੱਲ੍ਹਾ ਕਹਾਂ ਨਹੀਂ
ਗੋਯਾ ਕਿ ਬੇਨਿਸ਼ਾਂ ਭੀ ਹੈ ਅਰ ਬੇਨਿਸ਼ਾਂ ਨਹੀਂ
ਅ ਜੇ ' ਸਰਕਾਰ ' ਨੀਂਦਰ ਤੋਂ ਜਾਗੇ ਤਾਂ ਦੱਸੀਂ
ਮੈਂ ਚਾਹੁੰਦਾ ਹਾਂ ਆਪਣੇ ਮੁਕੱਦਰ ਜਗਾਉਂਣੇ

ਬੀਬੀ ਜਸਵੀਰ ਕੌਰ ਪਰਮਾਰ ਦੀ ਸ਼ਾਇਰੀ ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਪੰਜਾਬੀ ਸੱਭਿਆਚਾਰਕ ਵਰਤਾਰੇ ਦੀਆਂ ਸੰਗਤੀਆਂ ਦਾ ਪ੍ਰਗਟਾਵਾ ਕਰਦੀ ਹੋਈ ਪੰਜਾਬੀਅਤ ਦੀ ਪਛਾਣ ਦਾ ਸਰੂਪ ਵੀ ਪੇਸ਼ ਕਰਦੀ ਹੈ। ਉਸਦੀਆਂ ਕਵਿਤਾਵਾਂ ' ਮਰਦਾਨੇ ਦੀ ਪਿਆਸ ', ' ਦਰਦਾਂ ਭਰੀ ਕਿਤਾਬ ', ' ਗੰਗਲਾ ਪੰਜਾਬ ', ' ਕਿਰਨਾਂ ਦਾ ਹੋਕਾ ', ' ਦੇਸ਼ ਪਿਆਰ ', ਚੁੱਪ ਦੇ ਬੋਲ ' ਆਦਿ ਕਵਿਤਾਵਾਂ ਵਿਚਾਰਧਾਰਿਕ ਪੱਧਰ 'ਤੇ ਪ੍ਰਭਾਵਸ਼ਾਲੀ ਸੰਦੇਸ਼ ਦਿੰਦੀਆਂ ਹਨ। ਉਸਦਾ ਬਿਆਨ ਹੈ ਕਿ-

ਮੋੜ ਦਿਓ ਰੂਪ ਕੋਈ ਮੇਰੇ ਉਸ ਰੰਗਲੇ ਪੰਜਾਬ ਦਾ।
ਕੂਲ੍ਹੇ ਕੂਲ੍ਹੇ ਮੁੱਖ ਵਾਲਾ ਜੋ ਫੁੱਲ ਸੀ ਗੁਲਾਬ ਦਾ ।

ਮਨੋਜ ਫਗਵਾੜਵੀ ਦੇਸ਼ ਦੇ ਵਿਭਿੰਨ ਸੂਬਿਆਂ 'ਚ ਕਾਵਿ-ਪ੍ਰਤਿਭਾ ਦੀ ਪਛਾਣ ਬਣਾ ਚੁੱਕਾ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਆਪਣੀ ਸ਼ਾਇਰੀ ਜ਼ਰੀਏ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਹੈ। ਇਹ ਕਵੀ ਵਧੇਰੇਤਰ ਗ਼ਜ਼ਲ ਹੀ ਕਹਿੰਦਾ ਹੈ , ਚਾਹੇ ਉਰਦੂ 'ਚ ਜਾਂ ਪੰਜਾਬੀ 'ਚ ਪਰ ਅਸਰਦਾਇਕ ਪ੍ਰਭਾਵ ਸਿਰਜਦਾ ਹੈ। ਪੁਸਤਕ ਦੇ ਸਿਰਲੇਖ ਨਾਲ ਸੰਬੰਧਿਤ ਉਸਦਾ ਸ਼ੇਅਰ ਹੈ ਕਿ—

ਕਲਮਾਂ ਦੇ ਯੋਧੇ ਨੇ ਇਹ ਸ਼ਬਦ ਸਿਰਜਣਹਾਰੇ
ਸਾਧਨਾ 'ਚ ਲੀਨ ਰਹਿੰਦੇ ਇਹ ਰੱਬ ਦੇ ਪਿਆਰੇ।
ਉਸਦੀ ਸ਼ਾਇਰੀ ਦਾ ਹੋਰ ਰੰਗ ਇਹ ਵੀ ਹੈ ਕਿ—
ਇਸ਼ਕ ਦਾ ਜਦ ਵੀ ਮੈਂ ਪੈਗਾਮ ਲਿਖਿਆ ਹੈ।
ਸਭ ਤੋਂ ਪਹਿਲਾਂ ਇਹ ਦਿਲ ਤੇਰੇ ਨਾਮ ਲਿਖਿਆ ਹੈ।

ਬਲਦੇਵ ਰਾਜ ਕੋਮਲ ਸੱਚਮੁੱਚ ਕੋਮਲਭਾਵੀ ਕਵੀ ਹੈ। ਇਹ ਸਮਾਜਕ ਯਥਾਰਥ ਦਾ ਬਿਆਨ ਅਤੇ ਵਰਤਮਾਨ ਮਨੁੱਖ ਦੀ ਹੋਂਦ-ਸਥਿਤੀ ਨੂੰ ਸਮਝਣਹਾਰਾ ਹੈ। ਇਸ ਦੀ

ਸ਼ਾਇਰੀ ਤਹਿ-ਦਰ-ਤਹਿ ਮਾਨਵੀ ਹਿਰਦਿਆਂ ਨੂੰ ਹਲੂਣ ਲੈਂਦੀ ਹੈ। ਇਹ ਆਪਣੀ ਗੱਲ ਭਾਵੇਂ ਨਿੱਕੇ ਬਾਹਰ ਵਿਚ ਕਹੇ ਜਾਂ ਵੱਡੇ ਬਹਿਰ ਵਿਚ, ਭਾਸ਼ਾਈ ਸ਼ਬਦ ਜੜਤ ਦੀਆਂ ਜੁਗਤਾਂ ਕਮਾਲ ਦੀਆਂ ਸਿਰਜ ਲੈਂਦਾ ਹੈ। ਫੇਲੁਨ ਦੇ ਬਹਿਰ 'ਚ ਉਹ ਆਖਦਾ ਹੈ—

ੳ ਜ਼ਿੰਦਗੀ ਗੁਲਜ਼ਾਰ ਹੈ
ਬਾ-ਫਵਾ ਜੇ ਯਾਰ ਹੈ
ਅ ਜੇਬ ਹੈ ਜਦ ਹਰੀ- ਭਰੀ
ਯਾਰਾਂ ਦੀ ਭਰਮਾਰ ਹੈ।

ਪੁਸਤਕ ' ਸ਼ਬਦ ਸਿਰਜਣਹਾਰੇ ' ਵਿਚ ਅਗਲਾ ਕਵੀ ਸੀਤਲ ਰਾਮ ਬੰਗਾ ਹੈ ਜੋ ਸਮਾਜ ਵਿਚ ਪੱਸਰ ਚੁੱਕੀਆਂ ਬੁਰਾਈਆਂ ਦਾ ਖਾਤਮਾ ਕਰਨਾ ਲੋਚਦਾ ਹੈ ਅਤੇ ਮਨੁੱਖੀ ਏਕਤਾ ਦੀ ਹਾਮੀ ਭਰਦਾ ਹੋਇਆ ਪ੍ਰਤੀਤ ਹੁੰਦਾ ਹੈ। ਮੇਰੇ ਦੇਸ਼ ਦੀ ਟੁੱਟੀ ਤਾਣੀ , ਰੱਬ ਖੈਰ ਕਰੇ, ਮਾਨਸਿਕ ਅਯਾਸ਼ੀ ਦਾ ਗੀਤ, ਸ਼ੇਮ ਸ਼ੇਮ, ਕੰਮੀਆਂ ਦਾ ਗੀਤ, ਸੱਚ ਦੇ ਪਾਂਧੀ ਆਦਿ ਕਵਿਤਾਵਾਂ, ਗੀਤ ਅਤੇ ਰੁਬਾਈਆਂ ਵਿਸ਼ੇਸ਼ ਧਿਆਨ ਖਿੱਚਦੀਆਂ ਹਨ। ਇਹ ਕਵੀ ਅਖੰਡਤਾ ਅਤੇ ਮੁਹੱਬਤੀ ਬਾਤਾਂ ਵੀ ਪਾਉਂਦਾ ਹੈ ਅਤੇ ਕਮਾਲ ਦੀ ਸ਼ਬਦ ਸਿਰਜਣਾ ਕਰਦਾ ਹੈ। ਉਸਦਾ ਕਾਵਿ-ਪ੍ਰਵਚਨ ਹੈ ਕਿ—

ਦੂਸ਼ਣ ਇਲਜ਼ਾਮ , ਤੋਹਮਤ, ਦੁਸ਼ਵਾਰੀਆਂ।
ਸੱਚ ਦੇ ਪਾਂਧੀ ਦੇ ਹਿੱਸੇ ਆਈਆਂ ਸਾਰੀਆਂ।

ਲਾਲੀ ਕਰਤਾਰਪੁਰੀ ਪੁਖਤਾ ਗ਼ਜ਼ਲਗੋ ਅਤੇ ਗੀਤ ਸਿਰਜਕ ਹੈ। ਉਸਦੀ ਰਚਨਾ ਵਿਚ ਵਿਅੰਗ ਪ੍ਰਧਾਨ ਹੁੰਦਾ ਹੈ। ਉਸਦੀ ਸਮੁੱਚੀ ਸ਼ਾਇਰੀ ਸਰਲ ਭਾਸ਼ਾਈ ਜੁਗਤਾਂ ਜ਼ਰੀਏ ਸਮਾਜਕ ਯਥਾਰਥ ਪੇਸ਼ ਕਰਦੀ ਹੈ। ਮਾਨਵੀ ਹਿਰਦਿਆਂ ਨੂੰ ਅਜਿਹੀ ਸ਼ਾਇਰੀ ਟੁੰਬ ਕੇ ਸੱਭਿਆਚਾਰਕ ਜਾਗਰਿਤੀ ਵੀ ਪੈਦਾ ਕਰਦੀ ਹੈ। ਉਸਦਾ ਕਹਿਣਾ ਹੈ ਕਿ-

ਰੁੱਖਾਂ ਤੇ ਕਿਉਂ ਐਨਾ ਕਹਿਰ ਕਮਾਉਂਦੇ ਓ ।
ਰੁੱਖ ਕੱਟ ਕੇ ਸਿੱਧ ਕੀ ਕਰਨਾ ਚਾਹੁੰਦੇ ਓ ।
ਉਹ ਸਾਡੇ ਲਈ ਜਾਲ ਵਿਛਾਈ ਜਾਂਦੇ ਨੇ ।
ਗੈਰਾਂ ਦੇ ਨਾਲ ਹੱਥ ਮਿਲਾਈ ਜਾਂਦੇ ਨੇ ।

ਦਰਸ਼ਨ ਸਿੰਘ ਨੰਦਰਾ ਵਿਲੱਖਣ ਕਾਵਿ ਪ੍ਰਤਿਭਾ ਦਾ ਧਾਰਿਕ ਹੈ। ਇਹ ਕਵੀ ਵੀ ਸੁਖੈਣ ਭਾਸ਼ਾ ਵਿਚ ਡੂੰਘੀਆਂ ਗੱਲਾਂ ਕਰ ਜਾਂਦਾ ਹੈ ਜੋ ਸਰੋਤਾ ਵਰਗ ਨੂੰ ਟੁੰਬ ਜਾਂਦੀਆਂ ਹਨ। ਵਿਅੰਗਾਤਮਕ ਕਾਵਿ-ਸ਼ੈਲੀ 'ਚ ਇਸਦੇ ਗੀਤ, ਗ਼ਜ਼ਲਾਂ ਅਤੇ ਹੋਰ ਕਵਿਤਾਵਾਂ ਕਮਾਲ ਦਾ ਰਸ ਪੈਦਾ ਕਰਦੀਆਂ ਹਨ। ਨਕਲੀ ਘਰ, ਬੁੱਢਾ ਆਦਮੀ, ਗੁੱਝੀ ਲਾਠੀ, ਪੈਸਾ,ਆਦਿ ਕਵਿਤਾਵਾਂ ਇਸ ਕਵੀ ਦੀ ਵਿਲੱਖਣ ਪਛਾਣ-ਸੂਚਕ ਹਨ। ਇਸਦਾ ਕਾਵਿ ਪ੍ਰਵਚਨ ਹੈ ਕਿ—

ਦਸਾਂ ਨੌਹਾਂ ਦੀ ਕਿਰਤ ਕਰ ਰੱਖਾਂ ਸਬਰ ਸੰਤੋਖ,



ਨਾਂ ਜਪਕੇ ਤੇਰਾ ਦਾਤਿਆ ਦਿਨ ਕੱਟਾਂ ਨਾਲ ਅਰਾਮ।

ਨਗੀਨਾ ਸਿੰਘ ਬਲੱਗਣ ਕਾਵਿ-ਸ਼ਬਦਾਂ ਰਾਹੀਂ ਚਾਨਣ ਖਿਲਾਰਦਾ ਹੈ। ਇਹ ਰਿਸ਼ਤਿਆਂ ਦੀ ਪਰਿਕਰਮਾਂ ਕਰਦਾ ਹੋਇਆ ਸਮਾਜਕ ਵਰਤਾਰੇ ਦੇ ਭਾਵ-ਬੋਧ ਨੂੰ ਪ੍ਰਗਟਾਅ ਜਾਂਦਾ ਹੈ। ਹਾਸ-ਰਸ ਅਤੇ ਵਿਅੰਗ ਇਸ ਦੀ ਹਰ ਕਾਵਿ ਰਚਨਾ ਦਾ ਵਿਸ਼ੇਸ਼ ਗੁਣ ਹੈ। ਛੱਡ ਆਲ੍ਹਣਾ ਪੰਛੀ ਉਡਿਆ, ਕੋਲਾ ਤਲੀ ਤੇ ਧਰ ਲਵਾਂਗੇ, ਯਾਰ ਮਨਾਣੇ ਨੇ, ਤੈਨੂੰ ਕੁਝ ਵੀ ਪਤਾ ਨਹੀਂ, ਬੇਬੇ ਆਦਿ ਕਵਿਤਾਵਾਂ ਦਿਲ ਖਿੱਚਵੀਆਂ ਹਨ। ਇਕ ਕਾਵਿ ਵੰਨਗੀ ਵੇਖੋ—

ਸਹਿਜੇ ਸਹਿਜੇ ਕੁੱਖ ਵਿਚ, ਪਾਲ ਨੀ ਮਾਏਂ।
ਨਿਘਾ ਨਿਘਾ ਸੇਕ ਦੇ, ਸੰਭਾਲ ਨੀ ਮਾਏਂ ।
ਤੇਰੀ ਜਿੰਦ ਦੇ ਦੁੱਖ, ਮੈਂ ਆ ਵੰਡਾਵਾਂਗੀ।
ਹੋਵਾਂਗੀ ਜੁਆਨ , ਵਿਹੜੇ ਤੇਰੇ ਆਵਾਂਗੀ ।

ਸੁਖਦੇਵ ਸਿੰਘ ਗੰਢਵਾਂ ਵੱਖਰੀ ਤਬੀਅਤ ਦਾ ਸ਼ਾਇਰ ਹੈ। ਇਹ ਕਵੀ ਵਰਤਮਾਨ ਕਾਲ-ਖੰਡ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਸੰਬੰਧੀ ਕਵਿਤਾਵਾਂ ਅਤੇ ਗੀਤ ਸਿਰਜ ਕੇ ਇਸ ਪੁਸਤਕ ਦਾ ਸ਼ਬਦ ਸਿਰਜਣਹਾਰਾ ਬਣਦਾ ਹੈ। ਸਮਾਜਕ, ਧਾਰਮਿਕ ਖੇਤਰ ਅਤੇ ਪ੍ਰਦੂਸ਼ਣ ਨਾਲ ਸੰਬੰਧਿਤ ਇਸਦੀਆਂ ਕਵਿਤਾਵਾਂ ਅਤੇ ਗੀਤ ਵਿਸ਼ੇਸ਼ ਸਾਂਝ ਪਾਉਂਦੇ ਹਨ। ਇਹ ਕਵੀ ਮਨੁੱਖੀ ਮਾਨਸਿਕਤਾ ਨੂੰ ਸ਼ੁੱਧ ਕਰਕੇ ਸੌਖੀ ਜੀਵਨ-ਸ਼ੈਲੀ ਅਪਨਾਉਣ ਦਾ ਸੁਨੇਹਾ ਦਿੰਦਾ ਹੈ। ਪੰਜਾਬੀ ਕੌਮ ਨੂੰ ਆਪਣੀ ਭਾਸ਼ਾ ਨਾਲ ਪਿਆਰ ਕਰਨਾ ਅਤੇ ਭਾਈਚਾਰਕ ਸਾਂਝ ਬਣਾਈ ਰੱਖਣਾ ਇਸਦੀ ਕਵਿਤਾ ਦੀ ਹੋਰ ਵਿਸ਼ੇਸ਼ਤਾ ਹੈ। ਡੰਗ ਜ਼ਹਿਰੀ ਨਸ਼ਿਆਂ ਦੇ, ਕਦਰ ਕਰੋ ਇਨਸਾਨ ਦੀ, ਜ਼ਹਿਰ ਪਟਾਰੀ, ਮਾਇਆ ਦੇ ਰੰਗ, ਲੁਟੇਰੇ ਆਦਿ ਰਚਨਾਵਾਂ ਡੂੰਘੇ ਅਰਥ-ਸੰਚਾਰ ਕਰਦੀਆਂ ਹਨ। ਇਕ ਨਮੂਨਾ ਹਾਜ਼ਿਰ ਹੈ—

ਛੱਡ ਵੈਰ ਵਿਰੋਧ ਈਰਖਾ ਨੂੰ ,
ਮਨੋਂ ਕੱਢ ਹੰਕਾਰੀ ਦੂਰ ਗੰਧ ਦਿਓ।
ਰੱਖੋ ਰਾਬਤਾ ਸਾਂਝੀ ਵਾਲਤਾ ਦਾ ,
ਐਸੀ ਪ੍ਰੀਤ ਵਾਲੀ ਲਾ ਗੰਢ ਦਿਓ।

ਸੋਢੀ ਸੱਤੋਵਾਲੀ ਜੀ ਦੀ ਸ਼ਾਇਰੀ ਰੁਮਾਂਸ , ਵਿਅੰਗ ਅਤੇ ਹਾਸ ਰਸ ਭਰਪੂਰ ਹੈ ਜੋ ਸਟੇਜੀ ਰੂਪ ਵਿਚ ਇਹ ਪਾਠਕਾਂ ਅਤੇ ਸਰੋਤਿਆਂ ਨੂੰ ਬਦੋਬਦੀ ਕੀਲ ਲੈਂਦੀ ਹੈ। ਇਸ ਕਵੀ ਦੀਆਂ ਰਚਨਾਵਾਂ ਦੇ ਸਿਰਲੇਖ ਵੀ ਵਿੱਕੋਲਿਤਰੇ ਹਨ ਜਿਵੇਂ—

ਇੱਕੋ ਘਰ ਨਾ ਦੋ ਲੜਾਕੀਆਂ ਨਾਰਾਂ ਰਹਿੰਦੀਆਂ, ਦੁਨੀਆਂ ਤੇ ਨਾ ਕਰ ਇਤਬਾਰ, ਬਹੁ-ਰੰਗੀ ਏ, ਦੁਸ਼ਮਣ ਦੀ ਮੌਤ ਤੇ ਕਦੇ ਖੁਸ਼ੀ ਨਾ ਮਨਾਈਏ, ਵੇਖੋ ਜੱਟੀ ਮੋਟਰ ਚਲਾਵੇ ਨਾਲੇ ਨੱਕੇ ਮੋੜਦੀ, ਚੁੰਨੀ ਰੰਗ ਦੇ ਲਲਾਰੀਆ ਤੂੰ ਮੇਰੀ ਆਦਿ ਕਵਿਤਾਵਾਂ ਪ੍ਰਭਾਵਸ਼ਾਲੀ

ਹਨ। ਇਹ ਕਵੀ ਸਹਿਜ ਭਾਵ ਹੀ ਅਖੁੱਟ ਸਚਾਈ ਸਿਰਜ ਲੈਂਦਾ ਹੈ। ਉਦਾਹਰਣ ਵਜੋਂ ਇਹ ਬੋਲ ਵੇਖੋ—

ਬੱਚੇ ਨਾਲ ਦੋਸਤੀ ਕਦੇ ਰਾਸ ਨਾ ਆਉਂਦੀ ਏ ,
ਕੁੱਤਾ ਨਾ ਘਿਓ, ਨਾ ਜਨਾਨੀ ਗੱਲ ਪਚਾਉਂਦੀ ਏ,
ਸਿਆਣੇ ਤੇ ਔਲੇ ਦਾ ਬਾਅਦ 'ਚ ਪਤਾ ਲੱਗੇ ਜੀ।
ਜਿਵੇਂ ਮਿਹਨਤ ਦਾ ਫਲ ਹੌਲੇ ਹੌਲੇ ਪੱਕੇ ਜੀ ।

ਇਸੇ ਸਿਲਸਿਲੇ ਵਿਚ ਕਰਮਜੀਤ ਸਿੰਘ ਸੰਧੂ ਵਿਸ਼ੇਸ਼ ਵਰਣਨ ਯੋਗ ਕਵੀ ਹੈ। ਉਸਦਾ ਉਸਾਰੂ ਚਿੰਤਨ ਹਿੰਮਤੇ ਮਰਦ, ਨਕਲੀ ਬਾਬੇ, ਰਹਿਮਤ, ਪਿੰਡ ਵਿਖਾਵਾਂ, ਸੱਚ ਬੋਲਾਂ ਤਾਂ ਭਾਂਬੜ ਮੱਚਦਾ, ਭਰਮ, ਮੋਹ ਅਤੇ ਆਜ਼ਾਦੀ ਆਦਿ ਕਵਿਤਾਵਾਂ ਰਾਹੀਂ ਪ੍ਰਗਟ ਹੁੰਦਾ ਹੈ। ਸੰਧੂ ਅਜੋਕੀ ਪ੍ਰਦੂਸ਼ਿਤ ਹੋ ਚੁੱਕੀ ਮਾਨਸਿਕਤਾ ਦਾ ਪਰਦਾ ਫਾਸ਼ ਕਰਦਾ ਹੈ। ਉਸਦਾ ਸਿਧਾਂਤ ਹੈ ਕਿ—

ਕੌਣ ਕਹਿੰਦਾ ਹੱਥ ਦੀਆਂ ਲਕੀਰਾਂ ਹੋਣ ਕਿਸਮਤ,
ਕਿਸਮਤਾਂ ਤਾਂ ਦੋਸਤੋ ਹੱਥਾਂ ਨਾਲ ਬਣਾਈਆਂ ਜਾਂਦੀਆਂ ਨੇ।

ਪੁਸਤਕ ' ਸ਼ਬਦ ਸਿਰਜਣਹਾਰੇ ' ਦੇ ਅੰਤਿਮ 10 ਪੰਨਿਆਂ 'ਤੇ ਸਿਕੰਦਰ ਸਿੰਘ ਦੁਆਰਾ ਰਚਿਤ ਕਵਿਤਾਵਾਂ ਦਰਜ ਹਨ। ਇਨ੍ਹਾਂ ਦਾ ਸੰਦੇਸ਼ਾ ਔਰਤ ਜਾਤ ਦਾ ਸਤਿਕਾਰ ਕਰਨਾ, ਖੱਟੀਆਂ ਮਿੱਠੀਆਂ ਯਾਦਾਂ ਨੂੰ ਚੇਤੇ ਕਰਨਾ, ਖੇਡਾਂ ਪ੍ਰਤੀ ਮੋਹ ਪੈਦਾ ਕਰਨਾ, ਸਮਾਜਕ ਵਰਤਾਰੇ ਦੇ ਉਲਝੇ ਤਾਣੇ ਬਾਣੇ ਨੂੰ ਠੀਕ ਕਰਨਾ ਅਤੇ ਆਪਣੇ ਚਾਰ-ਚੁਫੇਰੇ ਨੂੰ ਪਿਆਰ, ਵਫਾ ਅਤੇ ਉਸਾਰੂ ਚਿੰਤਨ ਜਿਹੇ ਗੁਣਾਂ ਭਰਪੂਰ ਬਣਾ ਕੇ ਆਪਣੇ ਸਿਰਜੇ ਸੁਪਨਿਆਂ ਨੂੰ ਰੰਗੀਨ ਕਰਨਾ ਹੈ। ਸਾਦੇ ਸ਼ਬਦਾਂ 'ਚ ਗਲ ਕਹਿਣ ਦਾ ਢੰਗ ਇਸ ਕਵੀ ਕੋਲ ਹੈ। ਉਦਾਹਰਣ ਵੇਖੋ—

ਹੋ ਜਾਂਦੈ ਮਨੋਰੰਜਨ ਉਂਜ ਮੋਬਾਇਲਾਂ 'ਤੇ ,
ਖੇਡਾਂ ਦੀ ਪਰ ਆਪਣੀ ਹੀ ਸਰਦਾਰੀ ਹੈ।

ਸਮੁੱਚੇ ਰੂਪ ਵਿਚ ਪੁਸਤਕ ਵਿਚ ਅੰਕਿਤ ਸਾਰੀਆਂ ਕਵਿਤਾਵਾਂ ਸਮਾਜ ਸੁਧਾਰਕ, ਧਾਰਮਿਕ ਰੰਗਤ ਵਾਲੀਆਂ, ਰੁਮਾਂਚਿਕ, ਮਾਂ-ਬੋਲੀ ਅਤੇ ਪੰਜਾਬੀ ਸੱਭਿਆਚਾਰ ਪ੍ਰਤੀ ਲਗਾਵ ਦਾ ਪ੍ਰਗਟਾਵਾ ਹਨ। ਪੰਜਾਬੀ ਜਨ ਸਾਧਾਰਨ ਦੀ ਜੀਵਨ ਸ਼ੈਲੀ ਵਿਚ ਇਹ ਕਵਿਤਾਵਾਂ ਨਵੀਂ ਚੇਤਨਾ ਜਗਾਉਣ ਦੇ ਸਮਰੱਥ ਹਨ ਅਤੇ ਨਾਲ ਦੀ ਨਾਲ ਹੱਕ ਸੱਚ ਅਤੇ ਉਸਾਰੂ ਮਾਨਵੀ-ਮੁੱਲਾਂ ਨੂੰ ਉਭਾਰਦੀਆਂ ਹਨ। ਸੰਪਾਦਕ ਮਨੋਜ ਫਗਵਾੜਵੀ ਸੁਚੱਜੀ ਚੋਣ ਸਦਕਾ ਅਤੇ ਪੁਸਤਕ ਮਾਲਾ ਪ੍ਰਕਾਸ਼ਨ ਦੀ ਸਾਫ-ਸੁਥਰੀ ਛਪਾਈ ਸਦਕਾ ਇਹ ਪੁਸਤਕ , ਸੱਚਮੁੱਚ, ਹਰ ਵਰਗ ਦੇ ਪਾਠਕਾਂ ਨੂੰ ਟੁੰਬਣ ਦੇ ਸਮਰੱਥ ਹੈ।

ਮੋ. 98142-09732

◆◆◆



# ਪ੍ਰੋਮੀਥੀਅਸ ਦੀ ਉਡੀਕ

**ਤੇਜਵੰਤ ਮਾਨ** (ਡਾ.)

ਪੰਜਾਬੀ ਕਾਵਿ-ਖੇਤਰ ਵਿੱਚ ਜੀਤ ਹਰਜੀਤ ਇਕ ਨਵੀਂ ਪਰ ਸੁਪਨਸਾਜ਼ ਕਲਮ ਹੈ। ਉਸ ਦੀ ਰੋਮਾਂਚਿਕਤਾ ਦਾ ਆਧਾਰ ਕਿਸੇ ਅਜਿਹੀ ਕਾਲਪਨਿਕ ਕੁੜੀ ਦੇ ਜਜ਼ਬਾਤੀ ਪਿਆਰ ਅਤੇ ਬੇਵਫਾਈ ਹੈ ਜੋ ਨਾ ਤਾਂ ਮਧਯੁੱਗੀ ਬਹਾਦਰ ਕਿਰਦਾਰਾਂ ਦਾ ਦੁਹਰਾਓ ਹੈ ਅਤੇ ਨਾ ਹੀ ਮਾਡਰਨ ਮਜਨੂੰਆਂ ਦੇ ਪੀਲੇ ਭੂਕ ਹੋਏ ਚਿਹਰਿਆਂ ਦੀ ਹੂਕ ਹੈ। ਹਰਜੀਤ ਦੀ ਕਾਵਿ ਰੋਮਾਂਚਿਕਤਾ ਦਾ ਕੇਂਦਰ ਅਜੋਕੇ ਜਟਿਲ ਮਾਨਵੀ ਜਜ਼ਬਾਤਾਂ ਦੀ ਜਗਿਆਸੂ ਸਥਿਤੀ ਹੈ। ਇਸ ਸਥਿਤੀ ਵਿਚ ਨੌਜਵਾਨ ਸ਼ਾਇਰ ਕਿਸੇ ਤਲਿਸਮੀ ਭਾਵੁਕਤਾ ਦੇ ਵਹਾਅ ਵਿੱਚ ਵਹਿ ਕੇ ਰੁਦਨ ਨਹੀਂ ਕਰਦਾ ਅਤੇ ਨਾ ਹੀ ਬੇਵਫ਼ਾ, ਕੁਰਬਾਨੀ ਵਰਗੇ ਪਿਆਰ ਸੰਕਲਪਾਂ ਦੀ ਸਰਲ ਅਤੇ ਸਪਾਟ ਬਿਆਨੀ ਕਰਦਾ ਹੈ। ਆਨੰਦ-ਪਾਠ ਵਜੋਂ ਉਹ ਆਪਣੇ ਅੰਦਰਲੇ "ਕੈਦੋਂ" ਅਤੇ "ਸੈਦੇ" ਦੀ ਪਹਿਚਾਣ ਕਰਨ ਵੱਲ ਰੁਚਿਤ ਹੈ। ਹਰਜੀਤ ਦੇ ਕਾਵਿ ਵਿਚ ਤਣਾਓ ਵਿਚਾਕਰ 'ਬਾਝ ਭਰਾਵਾਂ ਮਾਰਿਆ' ਅਤੇ 'ਤੇਰਾ ਲੁੱਟਿਆ ਸ਼ਹਿਰ ਭੰਭੋਰ' ਦੀ ਚਿਤਾਵਨੀ ਹੈ।

ਮੈਂ ਪਿਆਰ ਤੈਨੂੰ ਕੀਤਾ ਕੀ ਕਸੂਰ ਹੋ ਗਿਆ
ਤੇਰਾ ਹਰ ਵਾਅਦਾ ਮੇਰੇ ਲਈ ਨਸੂਰ ਹੋ ਗਿਆ
'ਜੀ ਰਿਹਾਂ' ਫਿਰ ਵੀ ਸਿਰ ਪੰਡ ਧੋਖਿਆਂ ਦੀ ਲੈ ਕੇ
ਇਕ ਦਰਦ ਹੈ ਦਿਲ ਨੂੰ ਨੀ ਸੁਣ ਜਾ ਕੋਲ ਬਹਿ ਕੇ

ਉਪਰੋਕਤ ਪਿਆਰ ਭਾਵਨਾ ਵਿਚਲੀ 'ਜੀ ਰਿਹਾਂ' ਦੀ ਉਕਤੀ ਯਕੀਨਨ ਹਰੀਜਤ ਦੀ ਉਸ ਸ਼ਕਤੀ ਦੀ ਜਾਮਨੀ ਹੈ ਜੋ ਉਸਦੇ ਕਾਵਿ ਨੂੰ ਮਾਨਵੀ ਸਿਰਜਨਾਤਮਕਤਾ ਦੀ ਸਾਪੇਖੀ ਪਹਿਚਾਣ ਦੇਵੇਗੀ।

ਚੱਲ ਨੀ ਜਿੰਦੇ ਚੱਲ ਤੂੰ ਚਲਦੀ ਜਾਹ
ਲੰਘ ਨੀ ਹੋਣਾ ਖੜ੍ਹਕੇ ਇਹ ਦਰਿਆ।
ਪੈਰ ਤੇਰੇ ਨੇ ਜ਼ਖ਼ਮਾਂ ਮਾਰੇ
ਦੁੱਖ ਤੇਰੇ ਨੇ ਡਾਢ੍ਹੇ ਭਾਰੇ
ਇਹਦੀ ਕਿਸੇ ਨੂੰ ਕੀ ਪਰਵਾਹ
ਚੱਲ ਨੀ ਜਿੰਦੇ ਚੱਲ ਤੂੰ ਚਲਦੀ ਜਾਹ।

'ਜਿਉਂਦੇ ਰਹਿਣਾ' ਅਤੇ 'ਚਲਦੇ ਰਹਿਣਾ' ਦੇ ਕਵਿ-ਮੋਟਫਾਂ ਦੀ ਵਿਸਤਰਿਤ ਗਤੀਸ਼ੀਲਤਾ ਦੀ ਪਹਿਚਾਣ ਲਈ ਜਦੋਂ ਮੈਂ ਜੀਤ ਹਰਜੀਤ ਦੇ ਸਮੁੱਚੇ ਕਾਵਿ-ਪਾਠ ਵਿਚ ਪ੍ਰਵੇਸ਼ ਕੀਤਾ ਤਾਂ ਮੈਨੂੰ ਤਸੱਲੀ ਹੋਈ ਕਿ ਕਵੀ ਸੁਚੇਤ ਵਿੱਚ ਪੱਖਪਾਤੀ ਹੋ ਕੇ ਮਾਨਵ-ਵਿਰੋਧੀ ਮੁੱਲਾਂ ਨੂੰ ਰੱਦ ਕਰਦਾ ਹੈ। ਜੇ ਘਟਨਾ ਸਾਹਿਤ ਪੈਦਾ ਕਰਦੀ ਹੈ ਤਾਂ

ਸਾਹਿਤ ਵੀ ਘਟਨਾ ਦੀ ਜਨਮਦਾਤਾ ਹੈ। ਸੰਸਾਰ ਵਿੱਚ ਬਹੁਤ ਸਾਰੀਆਂ ਸਥਿਤੀਆਂ ਸਾਹਿਤ ਦੇ ਪ੍ਰਭਾਵ ਅਧੀਨ ਬਦਲੀਆਂ ਹਨ। ਵੋਲਤੇਅਰ ਬਿਨਾ ਫਰਾਂਸ ਦੀ ਕ੍ਰਾਂਤੀ, ਮੋਰਕੀ ਬਿਨਾਂ ਰੂਸ ਦਾ ਇਨਕਲਾਬ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਬਿਨਾਂ ਭਗਤੀ ਅਤੇ ਸ਼ਕਤੀ ਦੇ ਸੁਮੇਲ ਦਾ ਹੋਣਾ ਸੰਭਵ ਨਹੀਂ ਸੀ। ਸਮਕਾਲੀ ਸਥਿਤੀ ਵਿਚ ਜਦੋਂ ਬੇਰੁਜ਼ਗਾਰੀ, ਬਲੈਕ ਮਾਰਕੀਟਿੰਗ ਮਾਨਸਿਕ ਗ਼ੁਲਾਮੀ, ਬਹੁ-ਕੰਪਨੀ ਆਰਥਿਕ ਲੁੱਟ, ਸਭਿਆਚਾਰਕ ਗਿਰਾਵਟ, ਵਿਸ਼ਵ ਮੰਡੀ ਦੀ ਹੈਂਕੜ ਨੇ ਭਾਰਤ ਦੇ ਹਰ ਸਾਧਾਰਨ ਆਦਮੀ ਨੂੰ ਘੇਰਿਆ ਹੋਇਆ ਹੈ ਤਾਂ ਅਜਿਹੀ ਵਿਵਸਥਾ ਦੇ ਬਦਲਣ ਲਈ ਲੇਖਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਕਲਮ ਰਾਹੀਂ, ਅਮਲ ਰਾਹੀਂ ਇਸ ਕਰੂੜ ਸਥਿਤੀ ਵਿਚ ਦਖਲ ਦੇਵੇ ਕੇਵਲ ਦਖਲ ਹੀ ਨਾ ਦੇਵੇ ਸਗੋਂ ਅਜਿਹੀ ਮਾਨਵ ਵਿਰੋਧੀ ਸਥਿਤੀ ਦੇ ਬਦਲਾਵ ਲਈ ਲੋਕ-ਭਰੋਸਾ ਤਿਆਰ ਕਰੇ। ਇਸ ਸੰਦਰਭ ਵਿਚ ਜੀਤ ਹਰਜੀਤ ਆਪਣੀ ਕਾਵਿ-ਰਚਨਾ ਦੇ ਸਰੋਕਾਰਾਂ ਨੂੰ ਲੋਕ ਸਰੋਕਾਰਾਂ ਨਾਲ ਸਬੰਧਤ ਕਰਦਾ ਹੈ। ਮੈਂ ਹਰਜੀਤ ਦੀ ਇਸ ਕਾਵਿ-ਰਚਨਾ ਨੂੰ ਤਿੰਨ ਪਰਤੀ ਪਹੁੰਚ ਵਜੋਂ ਪੜ੍ਹਿਆ ਵਿਚਾਰਿਆ ਹੈ।

ੳ) ਦੱਸੋ ਬਈ ਦਸੋ ਕੀ ਕੀ ਹੋ ਰਿਹਾ
ਕਿਹੜਾ ਬਹਿ ਏ.ਸੀ. 'ਚ ਖਾ ਰਿਹਾ
ਕਿਸਦਾ ਖ਼ੂਨ ਬਣ ਕੇ ਪਸੀਨਾ 'ਚੋ ਰਿਹਾ
ਦੱਸੋ ਦੱਸੋ ਬੀ ਗੱਲ
ਧੁੱਪ ਵਿੱਚ ਸੜਦੇ ਕਿਸੇ ਕਿਸਾਨ ਦੀ
ਰੋਟੀ ਲਈ ਤੜਫ਼ ਰਹੀ ਕਿਸੇ ਜਾਨ ਦੀ
ਦਸੋ ਦਸੋ ਵੋਟਾਂ ਲੈ ਕੇ ਲੁਕੀ ਸਰਕਾਰ ਬਈ
ਲੱਖਾਂ ਕਰੋੜਾਂ ਖਾ ਗਿਆ ਭ੍ਰਿਸ਼ਟਾਚਾਰ ਬਈ।

ਅ) ਮੇਰੀ ਪੇਸ਼ ਨਾ ਚੱਲੇ ਬਈ ਤੂੰ ਹੀ ਹੱਲ ਕੋਈ ਸਮਝਾਦੇ
ਕਿਤੋਂ ਲਭ ਮਰਦਾਨੇ ਨੂੰ ਨਾਨਕ ਫਿਰ ਤੋਂ ਰਬਾਬ ਵਜਾਦੇ।
ਤੇਰੇ ਨਾਂ ਤੇ ਦੁਕਾਨਾਂ ਨੇ ਚੰਦਰੇ ਲੋਕੀਂ ਨੇ ਕਰਦੇ
ਲੁਟ ਕੇ ਭੋਲੀ ਜੰਤਾ ਨੂੰ ਚੰਗਾ ਖਾ ਕੇ ਪੇਟ ਨੇ ਭਰਦੇ।

ੲ) ਏਦਾਂ ਗੱਲ ਨਹੀਂ ਬਣਨੀ ਹੁਣ ਤਾਂ ਜਿੱਤਣਾ ਪੈਣਾ ਹੈ
ਕਿਹੜੇ ਰਾਹ ਕਿਉਂ ਤੁਰਦੇ ਹਾਂ ਨਿਸ਼ਾਨਾ ਮਿੱਥਣਾ ਪੈਣਾ ਹੈ।
ਗੱਲ ਜਜ਼ਬਾਤਾਂ ਤੇ ਆਣ ਟਿਕੀ ਤੂੰ ਉਚੇ ਖਿਆਲ ਰੱਖੀਂ।
ਸਾਨੂੰ ਤੁਰਨਾ ਕੀੜੀਆਂ ਤੋਂ ਸਿੱਖਣਾ ਪੈਣਾ ਹੈ।

ਹਰਜੀਤ ਦੇ ਕਾਵਿ-ਕਾਰਕ ਦੇ ਇਹ ਤਿੰਨ ਪੜ੍ਹਾਅ (ਸੋਚਣ, ਸਮਝਣ ਅਤੇ ਕਰਨ) ਉਸ ਦੀ ਕਾਵਿ-ਕਲਾ ਦੇ ਤਿੰਨ ਥੰਮ੍ਹ ਹਨ ਜਿਨ੍ਹਾਂ ਉਤੇ ਉਹ ਆਪਣਾ ਇੱਛਤ ਸਮਾਜ ਉਸਾਰਨਾ ਚਾਹੁੰਦਾ ਹੈ। ਉਹ ਪਹਾੜ ਪੱਟਦੇ ਉਸੇ ਬੁੱਢੇ ਦੀ ਭਾਵਨਾ ਦਾ ਸਤਿਕਾਰ ਕਰਦਾ



ਹੈ ਜੋ ਇਸ ਆਸ ਤੇ ਪਹਾੜ ਪੁੱਟਣਾ ਸ਼ੁਰੂ ਕਰਦਾ ਹੈ ਕਿ ਉਸ ਦੇ ਪੁੱਤ, ਪੋਤੇ, ਪੜਪੋਤੇ ਤੇ ਉਸ ਤੋਂ ਅਗਲੀਆਂ ਪੀੜ੍ਹੀਆਂ ਇਸ ਪਹਾੜ ਨੂੰ ਜ਼ਰੂਰ ਪੁੱਟ ਦੇਣਗੀਆਂ।

ੳ) ਬੱਸ ਕੁਝ ਪਲ ਲਈ ਠਹਿਰ ਜਿੰਦੇ
ਆਪਾਂ ਛੱਡ ਜਾਣਾ ਹੈ ਸ਼ਹਿਰ ਜਿੰਦੇ
ਐਥੇ ਕੋਈ ਦਿਸੇ ਨਾ ਆਪਣਾ,
ਸਭ ਲੱਗਣ ਗੈਰ ਤੋਂ ਗੈਰ ਜਿੰਦੇ

ਅਜਿਹੀ ਨਿਰਾਸ਼ ਬੇਬੱਸ ਵਿਵਸਥਾ ਵਿਚੋਂ ਹਰਜੀਤ ਛੇਤੀ ਹੀ ਬਾਹਰ ਆ ਜਾਂਦਾ ਹੈ ਅਤੇ ਹੋਕਾ ਦਿੰਦਾ ਹੈ।

ਅ) ਚੱਲ ਜਿੰਦੇ ਤੂੰ ਖੇਡ ਬਾਜੀਆਂ
ਦੁਨੀਆਂ ਤਿਆਰ ਖੜ੍ਹੀ ਤਮਾਸ਼ਾ ਦੇਖਣ ਨੂੰ
ਖੂਹ ਪੁੱਟਕੇ ਪੀਣਾ ਪੈਂਦਾ ਹੈ ਅੱਜ ਦੇ ਸਮੇਂ ਵਿੱਚ ਪਾਣੀ
ਸਭ ਚਾਲਾਂ ਪੁੱਠੀਆਂ ਨੇ ਤਾਹੀਓਂ ਉਲਝ ਗਈ ਇਹ ਤਾਣੀ।
ਮੈਂ ਅਵਾਜ਼ ਹਾਂ ਹਰ ਉਸ ਸ਼ਖ਼ਸ਼ ਦੀ
ਜਿਹੜਾ ਜ਼ੁਲਮ ਅੱਗੇ ਸੀਨਾ ਤਾਣ ਗਿਆ।
ਮੈਂ ਬੋਲ ਹਾਂ ਹਰ ਗਰੀਬ ਦਾ
ਜਿਸਦੀ ਲੈ ਕੋਈ ਜ਼ਬਾਨ ਗਿਆ।

ਬੇਬੱਸ, ਗਰੀਬ, ਮਿਹਨਤੀ ਲੋਕਾਂ ਦੀ ਜ਼ਬਾਨ ਬਣਨਾ ਹੀ ਹਰਜੀਤ ਦਾ ਲਕਸ਼ ਹੈ। ਪਿਆਰ ਦੀ ਭੁੱਖ, ਪੇਟ ਦੀ ਭੁੱਖ। ਮੋਹ ਦੀ ਭੁੱਖ, ਦੁਲਾਰ ਦੀ ਭੁੱਖ ਦਿਲ ਦੀ ਭੁੱਖ ਮਿਟਾਉਣ ਲਈ ਉਸ ਦੀ ਕਲਮ ਕਲਪਦੀ, ਜੂਝਦੀ ਅਤੇ ਹੋਕਾ ਦਿੰਦੀ ਹੈ।

ਇਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਹਰਜੀਤ ਦੇ ਕਾਵਿ ਦੀ ਇਹ ਹੈ ਕਿ ਉਹ ਆਪਣੀ ਵਿਰਾਸਤੀ ਧਰੋਹਰ ਦਾ ਬਹੁਤ ਮਾਣ-ਆਦਰ ਕਰਦਾ ਹੈ। ਸਾਡੇ ਤਮਾਮ ਜਿਨਸੀ ਰਿਸ਼ਤਿਆਂ ਦੀ ਪਹਿਚਾਣ ਕਰਦਿਆਂ ਉਹ ਪਤੀ-ਪਤਨੀ, ਭੈਣ-ਭਰਾ, ਮਾਂ-ਬਾਪ, ਆਸ਼ਕ-ਮਸ਼ੂਕ, ਯਾਰ-ਦੋਸਤ ਦੇ ਸੁੱਚੇ ਰਿਸ਼ਤਿਆਂ ਤੋਂ ਸਦਕੇ ਜਾਂਦਾ ਹੈ।

ਮਾਵਾਂ ਨੂੰ ਪੁੱਤਾਂ ਤੇ ਮਾਣ ਹੋਵੇ
ਧੀ ਹਰ ਘਰ ਦੀ ਸ਼ਾਨ ਹੋਵੇ
ਅਣਖ ਲਈ ਸਿਰ ਕੁਰਬਾਨ ਹੋਵੇ
ਬਖਸ਼ੀ ਨਾ ਕੁੱਪ ਹਤਿਆਰੇ ਨੂੰ
ਤੱਤੀ ਵਾ ਨਾ ਲੱਗੇ ਮਰੇ ਪਿੰਡ ਦੇ ਭਾਈਚਾਰੇ ਨੂੰ।

ਕਵੀ ਨਿਤਾਪ੍ਰਤੀ ਤੇਜ਼ੀ ਨਾਲ ਨਿਘਾਰ ਵੱਲ ਜਾ ਰਹੇ ਸਭਿਆਚਾਰਕ ਵਿਵਹਾਰ ਉਤੇ ਅਫਸੋਸ ਪ੍ਰਗਟ ਕਰਦਾ ਹੈ। ਸਾਡੇ ਪਹਿਰਾਵੇ, ਸਾਡੇ ਖਾਣ-ਪੀਣ, ਸਾਡੇ ਮਨੋਰੰਜਨੀ ਗੀਤਾਂ, ਗਾਇਕਾਂ ਦੇ ਮਿਆਰਾਂ ਵਿੱਚ ਵੱਡੀ ਗਿਰਾਵਟ ਆਈ ਹੈ। ਕਵੀ ਹਰਜੀਤ

ਆਪਣੇ ਕਾਵਿ ਰਾਹੀਂ ਦੁੱਖ ਪ੍ਰਗਟ ਕਰਦਿਆਂ ਗਿਲਾ ਵੀ ਕਰਦਾ ਹੈ ਅਤੇ ਚਿਤਾਵਨੀ ਵੀ ਦਿੰਦਾ ਹੈ।

ਜੁਗ ਬਦਲ ਗਿਆ ਪਰਲੋ ਆ ਗਈ
ਵਿਗੜ ਗਏ ਮੁੰਡੇ ਕੁੜੀਆਂ
ਬਈ ਕੱਦ ਵੱਡੇ ਲੀੜੇ ਛੋਟੇ ਹੋ ਗਏ
ਗੱਲਾਂ ਘਰੋਂ ਘਰੀਂ ਨੇ ਤੁਰੀਆਂ
ਬਈ ਮਾਂ-ਬਾਪ ਦਾ ਕੰਮ ਕੋਈ ਨੀ
ਖੂੰਜੇ ਲਾਈਆਂ ਬੁੜ੍ਹੇ ਤੇ ਬੁੜ੍ਹੀਆਂ।

ਪਹਿਲਾਂ ਵਰਗਾ ਸਮਾਂ ਨਾ ਰਹਿ ਗਿਆ
ਕਦਰ ਘੱਟ ਗਈ ਚੰਗੇ ਗਵੱਈਏ ਦੀ
ਗੱਲ ਸੋਨੇ ਹੀਰਿਆਂ ਦੀ ਦੂਰ ਪਹੁੰਚੀ।
ਫਿੱਕੀ ਪੈ ਗਈ ਆਬਾ ਚਾਂਦੀ ਵਾਲੇ ਰੁਪਈਏ ਦੀ।
ਬਹੁਤੀ ਦੂਰ ਨੀ ਜਾਣੀ ਗੱਡੀ ਹਰਜੀਤ ਸਿਆਂ
ਕਦਰ ਕੀਤੀ ਨੇ ਜੇ ਚਲਾਉਣੇ ਵਾਲੇ ਟਹੀਏ ਦੀ।

ਇਕ ਗੱਲ ਮੈਂ ਕਾਵਿ-ਕਲਾ ਦੀਆਂ ਜੁਗਤਾਂ ਬਾਰੇ ਕਹਿਣਾ ਚਾਹੁੰਦਾ ਹਾਂ। ਮੇਰੀ ਸਮਝ ਹੈ ਕਿ ਕਲਾ ਕਲਾ ਲਈ ਨਹੀਂ ਹੁੰਦੀ ਸਗੋਂ ਕਲਾ ਲੋਕ-ਸਰੋਕਾਰਾਂ ਲਈ ਹੁੰਦੀ ਹੈ। ਇਸ ਲਈ ਲੋਕ-ਜੀਵਨ ਅਤੇ ਕਲਾ ਨੂੰ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਜੀਤ ਹਰਜੀਤ ਦੇ ਕਾਵਿ ਦਾ ਪਾਠ ਕਰਦਿਆਂ ਮੈਂ ਅਨੁਭਵ ਕੀਤਾ ਹੈ ਕਿ ਹਰਜੀਤ ਦੇ ਕਾਵਿ ਵਿਚਲਾ ਮਾਨਵ-ਜੀਵਨ ਹੀ ਉਸਦੇ ਕਾਵਿ-ਰੂਪ ਨੂੰ ਨਿਰਧਾਰਿਤ ਕਰਦਾ ਹੈ। ਉਸਦੇ ਮਾਨਵ ਹਿਤੂ ਜਜ਼ਬਾਤ ਗੀਤ ਵੀ ਬਣ ਸਕਦੇ ਹਨ, ਰਵਾਨਗੀ ਭਰਪੂਰ ਕਵਿਤਾ ਵੀ ਅਤੇ ਪੂਰਨ ਸਿੰਘ ਵਾਂਗ ਆਪ ਮੁਹਾਰੇ ਖੁਲ੍ਹੇ-ਡੁਲ੍ਹੇ ਕਾਵਿ ਵਾਕ ਵੀ। ਅਜਿਹੀ ਸਥਿਤੀ ਵਿਚ ਹਰਜੀਤ ਇਕ ਕਸਵੱਟੀ ਉਤੇ ਆਪਣੀ ਕਾਵਿ ਰਚਨਾ ਨੂੰ ਜ਼ਰੂਰ ਪਰਖਦਾ ਹੈ ਅਤੇ ਆਪ ਹੀ ਲਿਖਦਾ ਹੈ।

ਸ਼ੇਰਾਂ ਵਰਗੀ ਦਹਾੜ ਕਿਤੇ ਨੀ
ਕੋਇਲਾਂ ਵਰਗੀ ਕੂਕ
ਤੂੰਬੀ ਵਰਗਾ ਸਾਜ ਕੋਈ ਨੀ
ਯਮਲੇ ਵਰਗੀ ਹੂਕ
ਮਾਣਕ ਜਿਹਾ ਗਵੱਈਆ ਹੈਨੀ
ਸ਼ਿਵ-ਪਾਸ਼ ਜਿਹਾ ਲਿਖਾਰੀ
ਅੱਜ ਡਰੰਮੀ ਸ਼ੋਰਾਂ ਨੇ ਹੈ



ਲੋਕਾਂ ਦੀ ਮਤ ਮਾਰੀ
ਮੈਂ ਜੀਤ ਹਰਜੀਤ ਦੇ ਅਜਿਹੇ ਕਾਵਿ-ਪਾਠ ਦਾ ਸੁਆਗਤ ਕਰਦਾ ਹਾਂ।

**ਮੋ. 98767-83736**

◆◆◆

## ਚਾਰ ਦਿਸ਼ਾਵਾਂ ਚਾਰ ਨਾਟਕ

ਸਤਵਿੰਦਰ ਬੇਗੋਵਾਲੀਆ ਮੇਰਾ ਅਜ਼ੀਜ਼ ਹੈ ਜਿਸ ਨੇ ਬੜੀ ਜਲਦੀ ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਵਿਚ ਆਪਣਾ ਨਾਂ ਦਰਜ ਕਰ ਲਿਆ ਹੈ। ਮੇਰੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਉਸ ਦੀਆਂ ਪੰਜ ਨਾਟ-ਪੁਸਤਕਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿਚ ਕਲਯੁਗ ਦੀ ਮੈਲ (1997), ਜਬੈ ਬਾਣ ਲਾਗਿਯੋ (1999), ਪੂਰਾ ਨਾਟਕ ਡਾਲਰ ਮੇਰਾ ਪੁੱਤਰ (2003), ਜੇਠੂ ਦਾ ਕੋਠਾ (2008) ਅਤੇ ਗ੍ਰਹਿਸਤ ਦਾ ਗੱਡਾ (2015) ਸ਼ਾਮਿਲ ਹੈ। ਉਸ ਨੇ ਆਪਣੀ ਛੇਵੀ ਨਾਟ-ਪੁਸਤਕ ਦੀ ਭੂਮਿਕਾ ਲਿਖਣ ਲਈ ਇਸਰਾਰ ਕੀਤਾ ਤਾਂ ਮੈਂ ਉਸ ਦੇ ਨਾਟ-ਜਗਤ ਵਿਚੋਂ ਦੁਬਾਰਾ ਗੁਜ਼ਰਿਆ ਭਾਵੇਂ ਇਸ ਤੋਂ ਪਹਿਲਾਂ ਉਸ ਦੀ ਪੰਜਵੀਂ ਕਿਤਾਬ 'ਗ੍ਰਹਿਸਤ ਦਾ ਗੱਡਾ' ਦੇ ਰੀਲੀਜ਼ ਮੌਕੇ ਮੈਂ ਉਸ ਦੀ ਨਾਟ ਕਲਾ ਤੇ ਆਪਣੇ ਵਿਚਾਰ ਪੇਸ਼ ਕਰ ਚੁੱਕਾ ਸਾਂ ਅਤੇ ਉਸ ਦੇ ਨਾਟ-ਨਕਸ਼ ਪਛਾਣ ਚੁੱਕਾ ਸਾਂ। ਆਮ ਤੌਰ ਤੇ ਮੈਂ ਕਿਸੇ ਵੀ ਲੇਖਕ ਦੀ ਕਿਸੇ ਕਿਤਾਬ ਦੀ ਇਕੋ ਵਾਰ 'ਭੂਮਿਕਾ' ਲਿਖਦਾ ਹਾਂ ਤੇ ਉਹ ਵੀ ਪਲੇਠੀ ਪੁਸਤਕ ਦੀ ਤਾਂ ਕਿ ਉਸ ਲੇਖਕ ਨੂੰ 'ਇੰਟਰੋਡਿਊਸ' ਕੀਤਾ ਜਾ ਸਕੇ। ਲੇਕਿਨ ਇਥੇ ਉਲਟ-ਵਰਤਾਰਾ ਹੋ ਗਿਆ ਹੈ। ਲੇਖਕ ਦੀਆਂ ਪਿਛਲੇ 20 ਵਰ੍ਹਿਆਂ ਦਰਮਿਆਨ ਪੰਜ ਪੁਸਤਕਾਂ ਆ ਚੁੱਕੀਆਂ ਹਨ ਅਤੇ ਪੰਜਵੀਂ ਵੇਲੇ ਮੈਂ ਉਸ ਦੇ ਇਲਾਕੇ ਵਿਚ ਜਾ ਕੇ ਭਰਵੀ ਹਾਜ਼ਰੀ ਦੌਰਾਨ ਉਸਨੂੰ ਚੌਥੀ ਪੀੜ੍ਹੀ ਦੇ ਅਹਿਮ ਨਾਟਕਕਾਰ ਵਜੋਂ ਸਵੀਕਾਰ ਵੀ ਕਰ ਚੁੱਕਾ ਹਾਂ। ਇਸ ਦੇ ਬਾਵਜੂਦ ਸਤਵਿੰਦਰ ਦੇ ਮੋਹਪਾਸ਼ ਨੇ ਮੈਨੂੰ ਉਸ ਦੀ ਇਸ ਪੁਸਤਕ ਦੀ ਭੂਮਿਕਾ ਲਿਖਣ ਲਈ ਮਜਬੂਰ ਕਰ ਦਿੱਤਾ। ਇਸ ਦਾ ਕਾਰਨ ਉਸ ਦਾ ਮੇਰੀ ਲਾਡਲੀ ਵਿਧਾ 'ਨਾਟਕ' ਲਿਖਣਾ ਵੀ ਹੋ ਸਕਦਾ ਹੈ ਅਤੇ ਸਾਰੇ ਜਾਣਦੇ ਹਨ ਕਿ ਨਾਟ-ਮੰਚ ਵਿਚ ਮੇਰੇ ਪ੍ਰਾਣ ਵੱਸਦੇ ਹਨ। ਲਿਹਾਜ਼ਾ ਸਤਵਿੰਦਰ ਦੀ ਹਥਲੀ ਪੁਸਤਕ ਦਾ ਖਰੜਾ ਮੇਰੇ ਹੱਥ ਵਿਚ ਹੈ।

'ਮੈਂ ਪੰਜਾਬਣ ਹਾਂ' ਵਿਚਲੇ ਚਾਰੇ ਨਾਟਕ ਅਲਗ ਅਲਗ ਦਿਸ਼ਾਵਾਂ ਵੱਲ ਫੈਲਦੇ ਹਨ ਜਿਸ ਦੀ ਤਸ਼ਰੀਹ ਕਰਨ ਦੀ ਲੋੜ ਭਾਸਦੀ ਹੈ। ਅਸਲ ਵਿਚ ਸਤਵਿੰਦਰ ਇਕ ਲੇਖਕ ਵਜੋਂ ਜਨਜੀਵਨ ਵਿਚ ਵਿਚਰਨ ਵਾਲੇ ਇਕ ਅਹਿਸਾਸਮੰਦ ਵਿਅਕਤੀ ਦਾ ਪ੍ਰਤੀਰੂਪ ਹੈ ਜਿਹੜਾ ਨਿੱਕੀ ਨਿੱਕੀ ਗੱਲ ਤੇ ਚੋਟਿਲ ਹੋ ਜਾਂਦਾ ਹੈ ਤੇ ਫੇਰ ਉਸ

ਚੋਟ ਦੇ ਦਰਦ ਨੂੰ ਸਹਿਜਮਤੇ ਢੰਗ ਨਾਲ ਅੱਖਰਾਂ ਦਾ ਜਾਮਾ ਪਹਿਨਾ ਦਿੰਦਾ ਹੈ। ਇਸ ਅਭਿਵਿਅਕਤੀ ਵਿਚ ਉਸ ਅੰਦਰਲਾ ਲੇਖਕ ਅਤੇ ਉਸ ਦੀ 'ਲੇਖਕ ਬਿਰਾਦਾਰੀ' ਸ਼ਾਮਿਲ ਰਹਿੰਦੀ ਹੈ। ਉਦਾਹਰਣ ਵਜੋਂ ਸੰਗ੍ਰਹਿ ਦਾ ਦੂਜਾ ਨਾਟਕ 'ਕਲਮਕਾਰ' ਲਿਆ ਜਾ ਸਕਦਾ ਹੈ ਜਿਸ ਵਿਚ ਇਕ ਪ੍ਰਤੀਬੱਧ ਤੇ ਬਜ਼ੁਰਗ ਲੇਖਕ 'ਕਾਮਰੇਡ' ਦੀ ਕੋਈ ਗੁੰਡਾ ਅਨਸਰ ਬੇਇਜ਼ਤੀ ਕਰਦਾ ਹੈ ਪਰੰਤੂ ਉਸ ਦੀ ਧਿਰ ਬਣਨ ਵਾਲੇ ਹਰ ਵਿਚਾਰਧਾਰਾ ਦੇ ਲੇਖਕ ਸਮੇਤ ਹਿੰਮਤ ਸਿੰਘ ਦੇ, ਜਿਸ ਨੂੰ ਕਾਮਰੇਡ ਪਸੰਦ ਨਹੀਂ ਕਰਦਾ, ਪੁਲਿਸ ਸਟੇਸ਼ਨ ਜਾ ਕੇ ਵਿਰੋਧ ਦਰਜ ਕਰਵਾਉਂਦੇ ਹਨ। ਸਿੱਟੇ ਵਜੋਂ ਪੁਲਿਸ ਨੂੰ ਐਕਸ਼ਨ ਲੈਣਾ ਪੈਂਦਾ ਹੈ। ਲੇਕਿਨ 'ਲੇਖਕ ਬਿਰਾਦਾਰੀ' ਉਸ ਬਦਮਾਸ਼ ਮੁੰਡੇ ਨੂੰ ਸਜ਼ਾ ਦਿਵਾਉਣ ਦੀ ਥਾਂ ਉਨ੍ਹਾਂ ਨੂੰ ਪਿਆਰ ਨਾਲ ਸਮਝਾਉਣ ਵਿਚ ਯਕੀਨ ਕਰਦੀ ਹੈ ਤੇ ਉਸ ਵਲੋਂ ਮਾਫੀ ਮੰਗਣ ਤੇ ਅਰਜ਼ੀ ਵਾਪਿਸ ਲੈ ਲੈਂਦੀ ਹੈ। ਇਥੇ ਲੇਖਕ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਲੇਖਕ ਦਾ ਸਨਮਾਨ ਇਹੋ ਹੈ ਕਿ ਉਹ ਇਕ 'ਲੇਖਕ' ਵਾਂਗ ਵਿਚਰੇ ਅਤੇ ਸਮਾਜ ਵਿਚ 'ਮਿਸਾਲੀ' ਬਣੇ। ਇਸੇ ਲਈ ਨਾਟਕਕਾਰ ਇਸ ਨਾਟਕ ਵਿਚਲੇ ਪਾਤਰਾਂ ਅਤੇ 'ਬਾਪੂ ਦਾ ਵਿਹੜਾ' ਵਿਚਲੇ 'ਲੇਖਕ ਪਾਤਰਾਂ' ਦੇ ਉਸ ਜੀਵਨ ਵਿਹਾਰ ਤੇ ਤਨਜ਼ ਕਸਦਾ ਹੈ ਜਿਹੜੇ ਦਾਰੂ ਪੀਣ ਪਿਲਾਉਣ ਅਤੇ ਛੋਟੀਆਂ ਛੋਟੀਆਂ ਪ੍ਰਾਪਤੀਆਂ ਮਗਰ ਲਾਰ ਲਮਕਾਉਣ ਵਾਲੀ ਕਾਰਵਾਈ ਵਿਚ ਲਿਪਤ ਹਨ। ਨਾਟਕਕਾਰ ਅਜਿਹੇ ਆਦਰਸ਼ਕ ਵਿਹਾਰ ਦੀ ਸਿਰਜਣਾ ਚਾਹੁੰਦਾ ਹੈ ਜਿਸ ਵਿਚ 'ਪ੍ਰਾਪਤ ਯਥਾਰਥ' ਦੀ ਥਾਂ 'ਇੱਛਤ ਯਥਾਰਥ' ਆਪਣੀ ਹੋਂਦ ਕਾਇਮ ਕਰ ਲਵੇ। ਨਾਟਕਕਾਰ ਦੀ ਇਸੇ ਸ਼ੁਭ ਭਾਵਨਾ ਵਿਚ ਲੇਖਕ ਦੀ ਕਿਰਦਾਰ ਨਿਗਾਰੀ ਵੀ ਕਾਂਟੇ ਹੇਠ ਹੈ। ਮਸਲਨ 'ਬਾਪੂ ਦਾ ਵਿਹੜਾ' ਦਾ ਕੇਂਦਰੀ ਪਾਤਰ ਨਾ ਕੇਵਲ ਇਕ 'ਲੇਖਕ' ਹੈ ਬਲਕਿ 'ਪ੍ਰੋਫੈਸਰ' ਵੀ ਹੈ। ਲੇਕਿਨ ਉਹ ਜੀਵਨ ਵਿਹਾਰ ਵਿਚ ਆਪਣੇ ਪਿਤਾ ਦੀ ਕਦਰ ਨਹੀਂ ਕਰਦਾ ਬਲਕਿ ਉਸ ਨੂੰ ਬੁਰਾ ਭਲਾ ਕਹਿੰਦਾ ਹੈ ਜਿਸ ਦੀ ਉਸ ਵਰਗੇ ਬਾਜ਼ੌਕ ਵਿਅਕਤੀ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ। ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਖੁਦ 'ਸ਼ਰਾਬ' ਦਾ ਗੁਲਾਮ ਹੋਣ ਕਾਰਨ ਅੱਗੋਂ ਉਸ ਦਾ ਪੁੱਤਰ ਵੀ ਆਪਣੇ ਪਿਤਾ ਦੀ 'ਸ਼ਹਿ' ਤੇ ਸ਼ਰਾਬ ਦੇ ਲੜ ਲਗ ਜਾਂਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ 'ਵਿਹਾਰ' ਵਿਚ ਉਸ ਦਾ ਪੁੱਤਰ ਆਪਣੇ 'ਪਿਤਾ' ਤੋਂ ਵੀ ਅੱਗੇ ਲੰਘ ਜਾਂਦਾ ਹੈ ਅਤੇ ਵੱਡਾ ਹੋ ਕੇ ਨਾ ਕੇਵਲ ਆਪਣੇ ਪ੍ਰੋਫੈਸਰ/ਲੇਖਕ ਪਿਤਾ ਦੀ ਲਾਹਪਾਹ ਕਰਦਾ ਹੈ ਬਲਕਿ ਪਿਤਾ ਨੂੰ ਕੁੱਟਣ ਮਾਰਨ ਦੀਆਂ ਧਮਕੀਆਂ ਦੇਣ ਸਮੇਤ ਆਪਣੀ ਮਾਂ ਦੀ ਕੁੱਟਮਾਰ ਵੀ ਕਰਦਾ ਹੈ। ਅੰਤ ਲੇਖਕ ਦੀ ਪਤਨੀ ਸਵਾਸ ਛੱਡ ਜਾਂਦੀ ਹੈ ਤੇ ਲੇਖਕ ਨੂੰ ਆਪਣੇ ਉਸੇ ਪਿੰਡ ਵਾਪਿਸ ਜਾ ਕੇ ਆਪਣੇ ਹੀ ਵੇਚੇ ਗਏ ਘਰ ਵਿਚ ਕਿਰਾਏਦਾਰ ਬਣ ਕੇ ਰਹਿਣਾ ਮਨਜ਼ੂਰ ਹੋ ਜਾਂਦਾ ਹੈ ਜਿਸ ਪਿੰਡ ਨੂੰ ਉਹ ਪਛੜਿਆ ਕਹਿ ਕੇ ਛੱਡ



ਆਇਆ ਸੀ। ਨਾਟਕਕਾਰ ਦੀ ਇਹ ਵੱਖਰਤਾ ਹੈ ਕਿ ਉਹ 'ਬੁਰਾਈ' ਦੇ ਨਾਲ ਨਾਲ 'ਚੰਗਿਆਈ' ਨੂੰ ਵੀ ਤੱਕੜੀ ਦੇ ਦੂਜੇ ਪਲੜੇ ਵਿਚ ਬਰਾਬਰ ਰੱਖਦਾ ਹੈ। ਜੇ ਇਕ ਪਾਸੇ ਉਹ ਪਿਤਾ-ਪੁੱਤਰ ਦੇ ਰਿਸ਼ਤੇ ਰਾਹੀਂ ਕਦਰਾਂ ਕੀਮਤਾਂ ਦੇ 'ਨਿਘਾਰ' ਦਾ ਜ਼ਿਕਰ ਕਰਦਾ ਹੈ ਤਾਂ ਦੂਜੇ ਪਾਸੇ 'ਦੋਸਤੀ' ਦੇ ਸਦਾਬਹਾਰ ਬੂਟੇ ਦੇ ਲਹਿਲਹਾਉਣ ਦੇ ਹਵਾਲੇ ਨਾਲ ਮਨੁਖ ਦਾ ਜ਼ਿੰਦਗੀ ਵਿਚ 'ਵਿਸ਼ਵਾਸ' ਵੀ ਕਾਇਮ ਕਰਦਾ ਹੈ :

(ਅਨੂਪ ਚੰਦ ਦੀਆਂ ਅੱਖਾਂ ਵਿੱਚੋਂ ਅੱਥਰੂ ਵਗਣੇ ਸ਼ੁਰੂ ਹੋ ਗਏ ਹਨ)

ਗੁਰਨਾਮ : ਅੱਥਰੂ ? ਕੀ ਹੋਇਐ ਮੇਰੇ ਯਾਰ ?

ਅਨੂਪ ਚੰਦ : ਲੋਕ ਕਹਿੰਦੇ ਨੇ ਜ਼ਮਾਨਾ ਸਵਾਰਥ ਦਾ ਆ ਗਿਐ, ਪਰ ਤੇਰੀ ਯਾਰੀ ਵੱਲ ਧਿਆਨ ਜਾਂਦੈ ਤਾਂ ਮੈਂ ਹਿੱਕ ਥਾਪੜ ਕੇ ਕਹਿ ਸਕਦਾਂ ਕਿ ਵਿਸ਼ਵਾਸ ਅਤੇ ਪਿਆਰ ਦਾ ਬੀਜ ਪੂਰੀ ਤਰ੍ਹਾਂ ਨਸ਼ਟ ਨਹੀਂ ਹੋਇਆ।

ਗੁਰਨਾਮ : ਪਿਆਰ ਨਿਭੇਗਾ ਵੀ ਆਖਰੀ ਦਮ ਤੱਕ

ਅਨੂਪ ਚੰਦ : ਯਾਰ, ਇਸ ਪੁਤਲੇ 'ਚ ਜਿਹੜੇ ਸਾਹ ਚੱਲ ਰਹੇ ਨੇ, ਉਹ ਤੇਰੇ ਵਰਗੇ ਯਾਰਾਂ ਕਰਕੇ..... ਕਈ ਵਾਰ ਮੈਨੂੰ ਓਪਰੀ ਜਿਹੀ ਜਾਪੀ ਏ ਦੁਨੀਆ ਤਾਂ ਤੇਰਾ ਚੇਤਾ ਆਉਂਦੇ ਹੀ ਪਤਾ ਨਹੀਂ ਕੁਦਰਤ ਮੇਰੇ 'ਚ ਊਰਜਾ ਕਿਵੇਂ ਪੈਦਾ ਕਰ ਦਿੰਦਾ ਏ।

ਨਾਟਕਕਾਰ ਆਪਣੇ ਨਾਟਕ 'ਕਲਮਕਾਰ' ਰਾਹੀਂ ਇਕ 'ਦਿਸ਼ਾ' ਨਿਰਧਾਰਣ ਕਰਦਾ ਹੈ ਤੇ ਉਹ ਹੈ 'ਲੇਖਕ ਦਾ ਸਮਾਜ ਵਿਚ ਸਥਾਨ' ਅਤੇ ਆਪਣੇ 'ਬਣਦੇ ਸਨਮਾਨ' ਦੀ ਰਾਖੀ ਲਈ ਸਮੁੱਚੇ 'ਲੇਖਕ ਵਰਗ' ਵਲੋਂ ਵਿਢਿਆ ਸਾਂਝਾ ਸੰਘਰਸ਼। ਇੰਜ ਹੀ ਨਾਟਕਕਾਰ 'ਬਾਪੂ ਦਾ ਵਿਹੜਾ' ਰਾਹੀਂ ਪੀੜ੍ਹੀ ਪਾੜੇ ਦੇ ਦਰਦਨਾਕ ਮੰਜ਼ਿਰ ਦੀ ਪੇਸ਼ਕਾਰੀ ਕਰਦਾ ਹੋਇਆ 'ਦੋਸਤੀ' ਵਰਗੀ ਸਦੀਵੀ 'ਕਦਰ ਕੀਮਤ' ਵਿਚ ਵਿਸ਼ਵਾਸ ਪੈਦਾ ਕਰਦਾ ਹੋਇਆ ਇਹ ਸੰਦੇਸ਼ ਦਿੰਦਾ ਹੈ ਕਿ 'ਜਿਵੇਂ ਕਰੋਗੇ ਉਵੇਂ ਭਰੋਗੇ' ਵਾਲੀ ਲੋਕ ਰੂੜ੍ਹੀ ਹਰ ਯੁਗ ਵਿਚ ਅਰਥਵਾਨ ਹੈ। ਇਸ ਲਈ ਵਿਅਕਤੀ ਨੂੰ ਆਪਣੇ 'ਕਿਰਦਾਰ' ਦੀ ਨਿਰਖ ਪਰਖ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਉਸ ਨੂੰ ਭਵਿੱਖ ਵਿਚ ਆਪਣੇ ਮਾੜੇ ਵਿਹਾਰ ਦਾ 'ਦੁਗਣਾ ਪ੍ਰਤੀਉੱਤਰ' ਨਾ ਮਿਲੇ। ਫੇਰ ਪਛਤਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿੰਦਾ।

ਇਸ ਪੁਸਤਕ ਦੀ ਤੀਜੀ ਦਿਸ਼ਾ 'ਮੈਂ ਪੰਜਾਬਣ ਹਾਂ' ਰਾਹੀਂ ਪੇਸ਼ ਹੋਈ ਹੈ ਜਿਹੜੀ 'ਕਰਮਭੂਮੀ' ਤੇ 'ਜਨਮਭੂਮੀ' ਦੇ ਟਕਰਾਉ ਨੂੰ ਪੇਸ਼ ਕਰਦੀ ਹੈ :

ਦੁਰਗਾ ਦਾਸ : ਤੂੰ ਇੱਥੇ ਪਲੀ ਜ਼ਰੂਰ ਏ ਪਰ ਤੇਰਾ ਜਨਮ ਪਹਾੜੀ ਇਲਾਕੇ 'ਚ ਹੋਇਆ। ਉਹ ਤੇਰੀ ਜਨਮ ਭੂਮੀ ਏ।

ਸੋਨੀ : ਪਰ ਇਹ ਇਲਾਕਾ ਮੇਰੀ ਕਰਮ ਭੂਮੀ ਏ। ਤੁਸੀਂ ਮੇਰੀ ਜਨਮ ਭੂਮੀ ਦੀ ਗੱਲ ਕਰਦੇ ਹੋ, ਕਿਉਂ ਛੱਡ ਕੇ ਆਏ?

ਨਾਟਕ ਵਿਚ ਪਹਿਲੀ ਪੀੜ੍ਹੀ ਦੇ ਪਾਤਰ ਸਰਿਤਾ ਤੇ ਦੁਰਗਾ ਦਾਸ ਪਹਾੜਾਂ ਵਿਚ

ਜੰਮੇ ਪਲੇ ਹਨ ਅਤੇ ਆਪਣੀ 'ਜਨਮਭੂਮੀ' ਅਤੇ 'ਮਾਂ ਬੋਲੀ' ਲਈ ਪ੍ਰਤੀਬੱਧ ਹਨ। ਇਸ ਦਾ ਇਜ਼ਹਾਰ ਸਰਿਤਾ ਵਲੋਂ ਪਹਾੜੀ ਲੋਕਗੀਤ ਗਾਉਣ ਤੋਂ ਵੀ ਮਿਲਦਾ ਹੈ :

ਗੀਤ ਦੀ ਆਵਾਜ਼ : ਮੇਰੇ ਪਰਵਤ ਗਰਜੇ ਗੂੰਜੇ, ਨਦਿਆਂ ਫੁੰਕਾਰੇ ਪਾਏ,
ਧਰਤੀ ਨੇ ਕਰਵਟ ਬਦਲੀ, ਗਗਨ ਭੀ ਸ਼ੋਰ ਮਚਾਏ,
ਪੱਥਰ ਕੰਨੈ ਟੋਹਲੀ ਬੋਹਲਣ, ਰਿਢਿਆਂ ਪਰ ਪਖਰੂ ਗਾਏ,
ਮੋਰਾਂ ਨੇ ਪਾਇਲ ਪਾਈ, ਗਾ-ਬਛੂ ਖ਼ੂਬ ਰੰਭਾਏ।

ਇੰਜ ਹੀ ਦੁਰਗਾ ਦਾਸ ਆਪਣੀਆਂ ਬੇਟੀਆਂ ਨੂੰ ਵੀ ਆਪਣੀ ਜਨਮਭੂਮੀ ਦੇ ਮੋਹ ਕਾਰਨ ਪਹਾੜਾਂ ਵਿਚ ਵੀ ਵਿਆਹੁਣਾ ਚਾਹੁੰਦੇ ਹਨ। ਪਹਿਲੀ ਬੇਟੀ ਕੰਚਨ ਵੇਲੇ ਉਹ ਇਸ ਵਿਚ ਕਾਮਯਾਬ ਹੋ ਜਾਂਦਾ ਹੈ ਪਰੰਤੂ ਦੂਜੀ ਬੇਟੀ ਸੋਨੀ ਇਸ ਧਾਰਨਾ ਤੋਂ ਬਾਗੀ ਹੋ ਜਾਂਦੀ ਹੈ ਕਿਉਂਕਿ ਸੋਨੀ ਤਰਕ ਇਹ ਦਿੰਦੀ ਹੈ ਕਿ ਉਨ੍ਹਾਂ ਦੀ 'ਕਰਮਭੂਮੀ' ਪੰਜਾਬ ਹੈ ਅਤੇ 'ਪੰਜਾਬ' ਅਤੇ 'ਪੰਜਾਬੀ ਬੋਲੀ' ਉਨ੍ਹਾਂ ਦੀਆਂ ਰਗਾਂ ਵਿਚ ਸਮਾ ਚੁੱਕੀ ਹੈ। ਸਿੱਟੇ ਵਜੋਂ ਉਹ ਆਪਣੇ ਆਪ ਨੂੰ 'ਪੰਜਾਬਣ' ਕਹਾਉਂਦੀ ਹੈ :

ਕੁਲਵੀਰ : ਤੂੰ ਇੰਨੀ ਦੀਵਾਨੀ ਏਂ ਪੰਜਾਬੀ ਦੀ ?

ਸੋਨੀ : ਹੋਵਾਂ ਵੀ ਕਿਉਂ ਨਾ। ਮੈਂ ਪੰਜਾਬਣ ਹਾਂ, ਮੈਂ ਪੂਰੀ ਪੰਜਾਬਣ ਹਾਂ।

ਕੁਲਵੀਰ : ਤੇਰੀ ਕਵਿਤਾ 'ਮੈਂ ਪੰਜਾਬਣ ਹਾਂ' ਕਮਾਲ ਦੀ ਕਵਿਤਾ ਸੀ। ਤੂੰ ਉਸ ਕਵਿਤਾ ਦਾ ਗਾਇਣ ਕਰਕੇ ਸਰੋਤੇ ਮੰਤਰ ਮੁਗਧ ਕਰ ਦਿੱਤੇ ਸੀ।

ਸੋਨੀ: ਪਤਾ ਨਹੀਂ ਉਹ ਕਵਿਤਾ ਮੈਂ ਕਿਵੇਂ ਲਿਖ ਦਿੱਤੀ। ਸ਼ਾਇਦ ਮੇਰੀ ਰੂਹ 'ਚੋਂ ਨਿਕਲੀ ਸੀ।

ਇਸ ਦੇ ਨਾਲ ਹੀ ਉਹ ਮਾਂ ਬੋਲੀ ਪੰਜਾਬੀ ਦਾ ਗੁਣਗਾਨ ਕਰਦੀ ਹੈ :

ਦੁਨੀਆਂ 'ਚ ਸਾਡੀ ਹੈ ਪਛਾਣ ਵੱਖਰੀ
ਦੁਨੀਆਂ 'ਚ ਪੰਜਾਬੀ ਜ਼ੁਬਾਨ ਵੱਖਰੀ।
ਇਹਦੇ ਸਾਹਾਂ ਵਿਚ ਤਾਂ ਘੁਲੀ ਮਿਸ਼ਰੀ
ਕਿਸੇ ਪਾਸਿਓਂ ਵੀ ਨਾ ਰਹੀ ਪੱਛੜੀ।
ਸ਼ਬਦਾਂ ਦੇ ਹਾਰ ਅਸੀਂ ਜੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

ਨਾਟਕਕਾਰ ਪਰੋਖ ਰੂਪ ਵਿਚ ਇਹ ਸੰਦੇਸ਼ ਦਿੰਦਾ ਹੈ ਕਿ ਜਿਹੜੇ ਗ਼ੈਰ ਪੰਜਾਬੀ ਹੁਣ ਪੰਜਾਬ ਵਿਚ ਵੱਸ ਗਏ ਹਨ ਉਨ੍ਹਾਂ ਦੀ ਅਗਲੀ ਪੀੜ੍ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੁੜ ਚੁੱਕੀ ਹੈ। ਇਸ ਲਈ ਉਨ੍ਹਾਂ ਦੀ ਪਹਿਲੀ ਪੀੜ੍ਹੀ ਨੂੰ ਇਹ ਸੱਚ ਸਵੀਕਾਰਨਾ ਚਾਹੀਦਾ ਹੈ। ਲੇਕਿਨ ਪਰੋਖ ਤੋਂ ਵੀ ਪਰੋਖ ਰੂਪ ਵਿਚ ਨਾਟਕ ਇਹ ਵੀ ਕਹਿੰਦਾ ਹੈ ਕਿ ਸਾਨੂੰ ਪੰਜਾਬੀਆਂ ਨੂੰ ਵੀ ਉਨ੍ਹਾਂ ਨੂੰ ਸਵੀਕਾਰਨਾ ਚਾਹੀਦਾ ਹੈ ਕਿਉਂਕਿ ਭਵਿੱਖ ਵਿਚ ਉਹ ਲੋਕ ਉਵੇਂ ਹੀ ਪੰਜਾਬ ਦਾ ਹਿੱਸਾ ਹੋਣਗੇ ਜਿਵੇਂ ਇਤਿਹਾਸ ਵਿਚ ਬਾਹਰੋਂ ਆਈਆਂ ਅੱਡ



ਅੱਡ ਕੌਮਾਂ ਸਮੇਂ ਸਮੇਂ ਪੰਜਾਬ ਦਾ ਭਾਗ ਬਣਦੀਆਂ ਰਹੀਆਂ।

ਨਾਟਕਕਾਰ ਨੇ 'ਚੌਥੀ ਦਿਸ਼ਾ' ਦੀ ਤਲਾਸ਼ ਇਸ ਪੁਸਤਕ ਦੇ ਚੌਥੇ ਨਾਟਕ 'ਦਿੱਲੀ ਤੋਂ ਬਕਾਲਾ ਰਾਹੀਂ' ਪੰਜਾਬ ਦੇ ਉਸ ਸ਼ਾਨਮੱਤੇ ਇਤਿਹਾਸ ਵਿਚੋਂ ਕੀਤੀ ਹੈ ਜਿਸ ਦੇ ਤਹਿਤ ਸਿਖ ਗੁਰੂ ਸਾਹਿਬ ਦੇ ਜੀਵਨ ਸਮਾਚਾਰ ਅਤੇ ਸਹਿਜ ਮਾਰਗੀ ਸੰਦੇਸ਼ ਸਾਡੇ ਰਾਹ ਦਸੇਰੇ ਹਨ। ਨਾਟਕਕਾਰ 1663-64 ਵਿਚ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਕਿਆਮ ਦੌਰਾਨ ਦਿਲੀ ਵਿਖੇ ਫੈਲੀ ਚੇਚਕ ਦੀ ਬੀਮਾਰੀ ਕਾਰਨ ਦੁਖੀ ਲੋਕਾਂ ਦੀ ਸੇਵਾ ਕਰਨ ਅਤੇ ਖ਼ੁਦ ਇਸ ਬੀਮਾਰੀ ਕਾਰਨ ਜੋਤੀ ਜੋਤ ਸਮਾਉਣ ਦੇ ਪ੍ਰਸੰਗ ਰਾਹੀਂ ਇਤਿਹਾਸ ਦੇ ਸੁਨਹਿਰੇ ਪੰਨੇ ਫਰੋਲੇ ਹਨ :

ਪਿੱਛੋ ਆਵਾਜ਼ : ਦਿੱਲੀ ਵਾਸੀਓ ! ਸੁਣੋ, ਸੁਣੋ, ਸੁਣੋ। ਆਹ ਮੁਸ਼ਕਲ ਘੜੀ ਵਿੱਚ ਗਰੀਬਾਂ, ਬੇਸਹਾਰਿਆਂ ਲਈ ਗੁਰੂ ਨਾਨਕ ਦੇਵ ਜੀ ਦੀ ਅਠਵੀਂ ਜੋਤ, ਬਾਲ ਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਰੱਬ ਬਣ ਕੇ ਪਹੁੰਚੇ ਨੇ। ਗਰੀਬਾਂ, ਨਿਆਸਰਿਆਂ ਦੀ ਉਹ ਤਨ, ਮਨ ਨਾਲ ਅਣਥੱਕ ਸੇਵਾ ਕਰ ਰਹੇ ਨੇ। ਮੁਫਤ ਦਵਾਈਆਂ ਵੀ ਦੇ ਰਹੇ ਨੇ।

ਇਸ ਦੇ ਨਾਲ ਹੀ ਨਾਟਕਕਾਰ ਨੇ ਮੱਖਣ ਸ਼ਾਹ ਲੁਬਾਣਾ ਵਲੋਂ 'ਗੁਰੂ ਲਾਧੋ ਰੇ' ਦੇ ਪ੍ਰਸੰਗ ਰਾਹੀਂ ਨੌਂਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੇ ਪਾਖੰਡੀ ਵਾਤਾਵਰਣ ਤੇ ਚੋਟ ਵੀ ਕੀਤੀ ਹੈ :

ਬਾਵਾ : ਤੇਰੀਆਂ ਨਜ਼ਰਾਂ ਵਿਚਲੀ ਸਿਆਣਪ ਇੱਕ ਆਸ ਪੈਦਾ ਕਰਦੀ ਏ ਕਿ ਸੱਚਾ ਗੁਰੂ ਜ਼ਰੂਰ ਪ੍ਰਗਟ ਹੋਵੇਗਾ। ਆਹ ਆਪੇ ਬਣੇ ਗੁਰੂਆਂ ਨੇ ਤਾਂ ਧੂਫਾਂ ਲਾਈਆਂ ਨੇ। ਬਾਬੇ ਨਾਨਕ ਨੇ ਕਿਹਾ ਸੀ ਕੁਦਰਤ ਵਿੱਚ ਆਰਤੀ ਸਦਾ ਹੋ ਰਹੀ ਹੁੰਦੀ ਏ ਤੇ ਆਹ ਸਾਧ ਥਾਲ ਫੜ ਕੇ ਆਰਤੀ ਉਤਾਰਦੇ ਪਏ ਨੇ।

ਇਹ ਵੀ ਕੈਸਾ ਕੌਤਕ ਹੈ ਕਿ ਅੱਠਵੇਂ ਗੁਰੂ ਦਿੱਲੀ ਵਿਚ ਦੀਨ ਦੁਖੀਆਂ ਦੀ ਸੇਵਾ ਕਰਦੇ ਬਾਲ ਉਮਰੇ ਜੋਤੀ ਜੋਤ ਸਮਾਉਂਦੇ ਹਨ ਤੇ ਮੁੜ ਨੌਂਵੇਂ ਪਾਤਸ਼ਾਹ ਦਿੱਲੀ ਵਿਚ ਹੀ ਸ਼ਹਾਦਤ ਪ੍ਰਾਪਤ ਕਰਦੇ ਹਨ। ਨਾਟਕਕਾਰ ਨੇ ਭਾਵੇਂ 'ਗੁਰੂ ਲਾਧੋ ਰੇ' ਦੇ ਪ੍ਰਸੰਗ ਤਕ ਆਪਣਾ ਨਾਟਕ 'ਦਿੱਲੀ ਤੋਂ ਬਕਾਲਾ ਤਕ' ਸਮਾਪਤ ਕਰ ਦਿੱਤਾ ਹੈ ਪਰ ਮੇਰੇ ਵਰਗੇ ਪਾਠਕਾਂ ਸਾਹਮਣੇ ਉਸ ਤੋਂ ਬਾਅਦ ਵਾਲਾ ਮੰਜ਼ਿਰ ਵੀ ਦ੍ਰਿਸ਼ਟਮਾਨ ਹੋ ਗਿਆ ਹੈ।

ਸਤਵਿੰਦਰ ਬੇਗੋਵਾਲੀਆ ਦੇ ਇਹ ਨਾਟਕ ਜਿਥੇ 'ਵਿਚਾਰ' ਪਖੋਂ 'ਚਾਰ ਦਿਸ਼ਾਵੀ' ਹਨ ਉਥੇ 'ਪ੍ਰਕਾਰ' ਪਖੋਂ 'ਇਕਾਂਗੀ' ਦੀ ਥਾਂ 'ਲਘੂ ਨਾਟਕ' ਦੇ ਰੂਪ-ਆਕਾਰ ਵਿਚ ਢਲੇ ਹਨ। ਇਸੇ ਲਈ ਇਸ ਨਾਟ-ਪੁਸਤਕ ਨੂੰ ਨਾਟ-ਸੰਗ੍ਰਹਿ ਕਿਹਾ ਗਿਆ ਹੈ। ਇਸ ਦਾ ਪ੍ਰਮਾਣ ਇਨ੍ਹਾਂ ਨਾਟਕਾਂ ਦੀ ਦ੍ਰਿਸ਼-ਵੰਡ ਤੋਂ ਮਿਲਦਾ ਹੈ :

| | | |
|---|---|---|
| ਮੈਂ ਪੰਜਾਬਣ ਹਾਂ | – | ਛੇ ਦ੍ਰਿਸ਼ |
| ਕਲਮਕਾਰ | – | ਚਾਰ ਦ੍ਰਿਸ਼ |
| ਬਾਪੂ ਦਾ ਵਿਹੜਾ | – | ਚਾਰ ਦ੍ਰਿਸ਼ |
| ਦਿੱਲੀ ਤੋਂ ਬਾਬਾ ਬਕਾਲਾ | – | ਦੋ ਦ੍ਰਿਸ਼ |

ਜ਼ਾਹਿਰ ਹੈ ਕਿ ਇਹ ਨਾਟਕ ਇਕਾਂਗੀ ਦੀ 'ਇਕ ਅੰਕੀ ਦ੍ਰਿਸ਼ਾਵਲੀ' ਤੋਂ ਪਾਰ ਜਾਂਦੇ ਹਨ। ਇੰਜ ਹੀ 'ਸੰਚਾਰ' ਪਖੋਂ ਸਾਰੇ ਨਾਟਕ ਯਥਾਰਥਵਾਦੀ ਨਾਟ-ਸ਼ੈਲੀ ਰਾਹੀਂ ਪ੍ਰਵਾਨ ਚੜ੍ਹਦੇ ਹਨ। ਹੈਨਰਿਕ ਇਬਸਨ ਵਲੋਂ ਸੰਚਾਲਿਤ ਯਥਾਰਥਵਾਦੀ ਸ਼ੈਲੀ ਦੇ ਨਾਟਕਾਂ ਲਈ ਹਿੰਦੀ ਭਾਸ਼ਾ ਵਿਚ 'ਸਮੱਸਿਆ ਨਾਟਕ' ਟਰਮ ਵਰਤੀ ਜਾਂਦੀ ਹੈ। ਸਤਵਿੰਦਰ ਦੇ 'ਚਾਰ ਦਿਸ਼ਾਵਾਂ ਦੇ ਚਾਰ ਨਾਟਕ' ਸੰਗ੍ਰਹਿ ਦੇ ਨਾਟਕ ਵੀ ਸਮਾਜਿਕ ਸਮੱਸਿਆਵਾਂ ਨਾਲ ਜੁੜੇ ਹੋਏ ਹਨ ਤੇ ਹਰ ਨਾਟਕ ਵਿਚ ਸਮੱਸਿਆ ਦੇ ਆਰੰਭ, ਮੱਧ ਤੇ ਸਿਖਰ ਦੀ ਤ੍ਰਿਕੜੀ ਮਿਲਦੀ ਹੈ। ਨਾਟਕਕਾਰ ਦੀ ਸ਼ੈਲੀ ਵਿਚ ਕਾਵਿਕਤਾ ਦਾ ਦਖਲ ਹੈ ਜਿਹੜਾ ਨਾਟਕਾਂ ਦੀ ਸੰਚਾਰ ਯੋਗਤਾ ਵਿਚ ਵਾਧਾ ਕਰਦਾ ਹੈ। ਇਸ ਦੇ ਪ੍ਰਮਾਣ ਥਾਂ ਥਾਂ ਮਿਲਦੇ ਹਨ :

ਉਹਦੇ ਐਸੇ ਪਿਆਰ ਨੇ ਮੈਨੂੰ ਕੀਤੈ ਬਿਮਾਰ।

•

ਜਿਉਂ ਪੈਲਾਂ ਪਾਉਂਦੇ ਮੋਰ

•

ਯਾਦ ਰੱਖੀ, ਮੈਂ ਤੇਰੀ ਸੁਹਾਗਣ ਹਾਂ, ਮੈਂ ਪੰਜਾਬਣ ਹਾਂ।

ਇਨ੍ਹਾਂ ਨਾਟਕਾਂ ਦੇ ਪਾਠ ਨੇ ਮੇਰੀ ਇਸ ਧਾਰਨਾ ਨੂੰ ਬਲ ਦਿੱਤਾ ਹੈ ਕਿ ਕਿਸੇ ਵੀ ਲੇਖਕ ਦੀ ਨਾਟਕਕਾਰੀ ਦਾ ਸਹਿਜ ਵਿਕਾਸ ਹੁੰਦਾ ਰਹਿੰਦਾ ਹੈ ਬਸ਼ਰਤੇ ਉਹ ਲਗਨ ਨਾਲ ਲਗਿਆ ਰਹੇ। ਆਪਣੀ ਜ਼ਾਤੀ ਜ਼ਿੰਦਗੀ ਵਿਚ ਇਕ ਸੂਖਮਭਾਵੀ ਤੇ ਸਹਿਜ ਵਿਚ ਵਿਚਰਨ ਵਾਲੇ ਵਿਅਕਤੀ ਵਜੋਂ ਕਾਰਜਸ਼ੀਲ ਸਤਵਿੰਦਰ ਦੀ ਸ਼ਖ਼ਸੀਅਤ ਦਾ ਪਰਛਾਵਾਂ ਇਨ੍ਹਾਂ ਨਾਟਕਾਂ ਵਿਚ ਵੀ ਮਿਲਦਾ ਹੈ। ਇਹ ਨਾਟਕ 'ਨਿਰਉਚੇਚ' ਢੰਗ ਨਾਲ ਰਚੇ ਗਏ ਹਨ ਜਿਨ੍ਹਾਂ ਵਿਚ ਕੋਈ 'ਦਾਅਵਾ' ਤੇ 'ਦਿਖਾਵਾ' ਸ਼ਾਮਿਲ ਨਹੀਂ ਹੈ। ਮੈਨੂੰ ਜਾਪਦਾ ਹੈ ਕਿ ਸਤਵਿੰਦਰ ਦੀ ਨਾਟਕਕਾਰੀ ਦੀ ਇਹ ਸਹਿਜ ਟੋਰ ਇਕ ਦਿਨ ਉਸ ਨੂੰ ਨਾਟਕਕਾਰੀ ਦੀ ਮੰਜ਼ਿਲ ਤਕ ਪਹੁੰਚਾ ਦੇਵੇਗੀ। ਮੇਰੀਆਂ ਸ਼ੁਭਕਾਮਨਾਵਾਂ ਹਮੇਸ਼ਾ ਉਸ ਦੇ ਅੰਗ ਸੰਗ ਹਨ।

**ਪ੍ਰੋਫੈਸਰ, ਪੰਜਾਬੀ ਵਿਭਾਗ** **ਸਤੀਸ਼ ਕੁਮਾਰ ਵਰਮਾ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ** 24-11-2018



# ਹਮਦਰਦਵੀਰ ਨੌਸ਼ਹਿਰਵੀ ਨਾਲ ਰੂ-ਬ-ਰੂ

**ਜੁਗਿੰਦਰ ਸਿੰਘ 'ਫੁੱਲ'**



ਕੁਦਰਤ ਦਾ ਆਸ਼ਕ ਅਤੇ ਕਲਮ ਦਾ ਉਪਾਸ਼ਕ ਹਮਦਰਦਵੀਰ ਨੌਸ਼ਹਿਰਵੀ ਸਾਹਿਤ ਦੀ ਇਕ ਨਿਰੰਤਰ ਆਬਸ਼ਾਰ ਹੈ। ਉਸ ਦੀ ਅਦਬ ਸਿਰਜਨਾਤਮਕ ਸ਼ਕਤੀ ਅਤੇ ਕਾਰਜਸ਼ੀਲਤਾ ਉਪਰ ਹੈਰਾਨੀ ਹੁੰਦੀ ਹੈ। ਅਜਿਹੇ ਸਾਹਿਤਕਾਰਾਂ ਸੰਬੰਧੀ ਇਹ ਆਮ ਧਾਰਨਾ ਹੁੰਦੀ ਹੈ ਕਿ ਇਨ੍ਹਾਂ ਦੀਆਂ ਲਿਖਤਾਂ ਵਿਚ ਖਿਆਲਾਂ ਦਾ ਦੁਹਰਾਅ ਹੋ ਜਾਂਦਾ ਹੈ ਅਤੇ ਸ਼ਬਦਾਵਲੀ ਵਿੱਚ ਵੀ ਪੇਤਲਾਪਨ ਪਰਬਲ ਹੋ ਜਾਂਦਾ ਹੈ। ਇਸ ਤੱਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪ੍ਰੰਤੂ, ਹਮਦਰਦਵੀਰ ਨੌਸ਼ਹਿਰਵੀ ਇਕ ਵਿਲੱਖਣ ਅਤੇ ਨਿਵੇਕਲੀ ਉਦਾਹਰਣ ਹੈ। ਉਹ ਇਨ੍ਹਾਂ ਪ੍ਰਭਾਵਾਂ ਪ੍ਰਤੀ ਬੜਾ ਹੀ ਸੁਚੇਤ ਅਤੇ ਸਾਵਧਾਨ ਹੈ। ਪਿਛਲੇ ਦਿਨੀਂ ਉਸ ਨਾਲ ਰੂ-ਬ-ਰੂ ਹੋ ਕੇ ਗੱਲਬਾਤ ਕਰਨ ਦਾ ਕੁਦਰਤੀ ਹੀ ਅਵਸਰ ਪ੍ਰਾਪਤ ਹੋ ਗਿਆ ਜੋ ਕਿ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ –

**? ਹਮਦਰਦਵੀਰ ਜੀ, ਸਭ ਤੋਂ ਪਹਿਲਾਂ ਤੁਸੀਂ ਆਪਣੇ ਜਨਮ ਅਸਥਾਨ ਅਤੇ ਪਰਵਾਰਿਕ ਪਿਛੋਕੜ ਬਾਰੇ ਕੁਝ ਜਾਣਕਾਰੀ ਦਿਉ।**

- ਮੇਰੇ ਪਿਛੋਕੜ ਵਿੱਚ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਨੌਸ਼ਹਿਰਾ ਪੰਨੂੰਆਂ ਦਾ ਇਕ ਕਿਰਤੀ ਕਿਰਸਾਨੀ ਪਰਿਵਾਰ ਹੈ ਜਿਥੇ ਪਹਿਲੀ ਦਸੰਬਰ ਉਨੀਂ ਸੌ ਸੈਂਤੀ ਨੂੰ ਪਿਤਾ ਸ. ਉੱਤਮ ਸਿੰਘ ਪੰਨੂੰ ਦੇ ਗ੍ਰਹਿ ਵਿਖੇ ਮੇਰਾ ਜਨਮ ਹੋਇਆ। ਮੇਰੇ ਮਾਤਾ ਜੀ ਦਾ ਨਾਮ ਸ਼ਾਮ ਕੌਰ ਸੀ।

**? ਇੰਜ ਲਗਦਾ ਹੈ ਕਿ ਹਮਦਰਦਵੀਰ ਨੌਸ਼ਹਿਰਵੀ ਵੀ ਤੁਹਾਡਾ ਅਦਬੀ ਨਾਮ ਹੈ। ਜੇਕਰ ਇਹ ਅੰਦਾਜ਼ਾ ਠੀਕ ਹੈ ਤਾਂ ਕੀ ਤੁਸੀਂ ਆਪਣਾ ਅਸਲੀ ਅਤੇ ਦਸਤਾਵੇਜ਼ੀ ਨਾਮ ਦੱਸੋਗੇ?**

-ਤੁਸੀਂ ਠੀਕ ਕਹਿ ਰਹੇ ਹੋ। ਹਮਦਰਦਵੀਰ ਨੌਸ਼ਹਿਰਵੀ ਮੇਰਾ ਸਾਹਿਤਕ ਨਾਮ ਹੈ। ਮੇਰਾ ਦਸਤਾਵੇਜ਼ੀ ਨਾਮ ਬੂਟਾ ਸਿੰਘ ਪੰਨੂੰ ਹੈ ਜੋ ਕਿ ਮੇਰੇ ਮਾਧਿਆਂ ਦੀ ਰੀਝ ਦੀ ਉਪਜ ਹੈ ਸ਼ਾਇਰ ਇਸੇ ਕਰਕੇ ਹੀ ਮੈਨੂੰ ਫੁੱਲਾਂ ਬੂਟਿਆਂ ਅਤੇ ਪ੍ਰਾਕ੍ਰਿਤਕ ਦ੍ਰਿਸ਼ਾਂ ਨਾਲ ਬਹੁਤ ਪਿਆਰ ਹੈ। ਪ੍ਰੰਤੂ ਇਕ ਗੱਲ ਯਾਦ ਰੱਖਣ ਯੋਗ ਹੈ ਕਿ ਮੇਰੇ ਸਰੀਰਕ ਵਜੂਦ ਦੀ ਸਮਾਪਤੀ ਦੇ ਨਾਲ ਹੀ ਬੂਟਾ ਸਿੰਘ ਪੰਨੂੰ ਕੁਝ ਸਮੇਂ ਉਪਰੰਤ ਲੋਕ ਅਹਿਸਾਸਾਂ ਵਿਚੋਂ ਅਲੋਪ ਹੋ ਜਾਣਗੇ ਜਦੋਂ 'ਹਮਦਰਦਵੀਰ ਨੌਸ਼ਹਿਰਵੀ' ਇਕ ਅਦੀਬ ਦੇ ਰੂਪ ਵਿੱਚ ਸਦੀਵੀਂ ਜੀਵਨ ਰਹੇਗਾ।

**? ਆਪਣੀ ਪ੍ਰਾਪਤ ਕੀਤੀ ਵਿਦਿਆ ਬਾਰੇ ਕੁਝ ਚਾਨਣਾ ਪਾਓ।**

- ਮੈਂ ਆਪਣੀ ਮੁਢਲੀ ਵਿਦਿਆ ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ ਸਰਹਾਲੀ ਕਲਾਂ, ਜੋ ਕਿ ਉਸ ਸਮੇਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸੀ ਅਤੇ ਅੱਜਕਲ੍ਹ ਜ਼ਿਲ੍ਹਾ ਤਰਨਤਾਰਨ ਵਿੱਚ ਹੈ, ਤੋਂ ਪ੍ਰਾਪਤ ਕੀਤੀ। ਫਿਰ ਵੱਖ-ਵੱਖ ਸੰਸਥਾਵਾਂ ਤੋਂ ਐਮ.ਏ. ਪੰਜਾਬੀ, ਐਮ.ਏ. ਹਿਸਟਰੀ ਅਤੇ ਐਮ.ਏ. ਪੁਲਿਟੀਕਲ ਸਾਇੰਸ ਦੀਆਂ ਡਿਗਰੀਆਂ ਹਾਸਲ ਕੀਤੀਆਂ। ਮਦਰਾਸ ਤੋਂ ਏਅਰ ਫੋਰਸ ਬਿਜਲੀ ਦਾ ਕੋਰਸ ਕੀਤਾ। ਮੈਂ ਆਨਰਜ਼ਇਨ ਪੰਜਾਬੀ (ਗਿਆਨੀ) ਵੀ ਕੀਤੀ ਹੋਈ ਹੈ।

ਮੈਂ 1956 ਵਿੱਚ ਹਵਾਈ ਸੈਨਾ ਵਿੱਚ ਭਰਤੀ ਹੋਇਆ ਅਤੇ 1965 ਤੱਕ ਇਥੇ ਆਪਣੇ ਫਰਜ਼ਾਂ ਦੀ ਪੂਰਤੀ ਕੀਤੀ। ਫਿਰ 1966 ਵਿੱਚ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਗੁਰਦਾਸਪੁਰ ਵਿਖੇ ਬਤੌਰ ਅਧਿਆਪਕ ਨਿਯੁਕਤ ਹੋਇਆ। ਇਸ ਤੋਂ ਉਪਰੰਤ ਮਾਲਵਾ ਕਾਲਜ ਸਮਰਾਲਾ ਵਿਖੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਵਜੋਂ ਸੇਵਾ ਸੰਭਾਲੀ ਅਤੇ ਇਥੋਂ ਹੀ ਇਸ ਵਿਭਾਗ ਦੇ ਮੁਖੀ ਵਜੋਂ 1997 ਵਿੱਚ ਸੇਵਾ ਮੁਕਤ ਹੋਇਆ।

ਭਾਰਤੀ ਹਵਾਈ ਸੈਨਾ ਇਕ ਮਾਣਮੱਤਾ ਅਤੇ ਗੌਰਵਮਈ ਵਿਭਾਗ ਹੈ ਪ੍ਰੰਤੂ ਮੈਂ ਮਾਨਸਿਕ ਤੌਰ 'ਤੇ ਇਥੇ ਟਿਕ ਨਹੀਂ ਸਾਂ ਸਕਿਆ। ਮੇਰੀਆਂ ਵਿਦਿਅਕ, ਸਾਹਿਤਕ ਅਤੇ ਕੋਮਲ ਰੁਚੀਆਂ ਮੈਨੂੰ ਖੁੱਲ੍ਹ ਕੇ ਵਿਚਰਨ ਲਈ ਪ੍ਰੇਰਦੀਆਂ ਰਹਿੰਦੀਆਂ ਸਨ ਪ੍ਰੰਤੂ ਸੈਨਿਕ ਫਰਜ਼ ਅਤਿ ਦੇ ਅਨੁਸ਼ਾਸ਼ਿਤ ਹੋ ਕੇ ਪੂਰੇ ਕਰਨੇ ਪੈਂਦੇ ਹਨ। ਕਈ ਅਵਸਰਾਂ 'ਤੇ ਜਦ ਮੈਂ ਅਤਿ ਦੀ ਨਾਜ਼ੁਕ ਡਿਊਟੀ ਉਪਰ ਹੁੰਦਾ ਸਾਂ ਅਤੇ ਮੇਰਾ ਸਾਹਿਤ ਵਿਚਾਰਾਂ ਦਾ ਵੇਗ ਉਛਾਲਾਂ ਮਾਰਨ ਲਗ ਪੈਂਦਾ ਸੀ। ਮੇਰੀਆਂ ਅਦਬੀ ਖਿਆਲਾਂ ਦੀਆਂ ਲੜੀਆਂ ਮੇਰੀ ਘੇਰਾ ਬੰਦੀ ਕਰੀ ਰੱਖਦੀਆਂ ਪ੍ਰੰਤੂ ਮੈਂ ਬੇਵੱਸ ਹੁੰਦਾ ਸਾਂ ਅਤੇ ਕੁਝ ਸਮੇਂ ਬਾਅਦ ਇਹ ਗੁਆਚ ਜਾਂਦੀਆਂ ਸਨ ਜਿਸ ਕਰਕੇ ਮੈਨੂੰ ਮਾਨਸਿਕ ਪੀੜਾ ਅਨੁਭਵ ਹੋਣ ਲਗਦੀ ਸੀ। ਇਸ ਤੋਂ ਇਲਾਵਾ ਮੇਰੀ ਉਚ ਵਿਦਿਆ ਦੀ ਚਾਹਤ ਵੀ ਮੈਨੂੰ ਮੁੜ ਮੁੜ ਟੁੰਬਦੀ ਸੀ। ਅਜਿਹੀਆਂ ਪ੍ਰਸਥਿਤੀਆਂ ਮੈਨੂੰ ਅਨੁਭਵ ਕਰਾਉਂਦੀਆਂ ਰਹਿੰਦੀਆਂ ਸਨ ਕਿ ਸੈਨਿਕ ਸੇਵਾ ਮੇਰੀ ਰੁਚੀ ਅਨੁਸਾਰ ਨਹੀਂ ਸੀ। ਇਸ ਕਰਕੇ ਮੈਨੂੰ ਉਸ ਖੇਤਰ ਨੂੰ ਤਿਆਗਣਾ ਪਿਆ।

ਮੁਢਲੇ ਤੌਰ ਤੇ ਮੈਨੂੰ ਸਾਹਿਤਕ ਚੇਟਕ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਰਸਾਲੇ ਪ੍ਰੀਤ ਲੜੀ ਤੋਂ ਲੱਗੀ। ਇਨ੍ਹਾਂ ਤੋਂ ਮੈਨੂੰ ਜੀਵਨ ਸੂਝ ਅਤੇ ਸੁਚੱਜਤਾ ਪ੍ਰਾਪਤ ਹੋਈ। ਮੇਰੇ ਖ਼ਿਆਲਾਂ ਵਿੱਚ ਵਿਸ਼ਾਲਤਾ ਆਈ ਅਤੇ ਸਾਹਿਤ





ਸਿਰਜਨਾ ਦਾ ਚਾਅ ਪੈਦਾ ਹੋਇਆ। ਮੇਰੀ ਚਾਹਤ ਨਾਨਕ ਸਿੰਘ ਨਾਵਲਕਾਰ, ਅੰਮ੍ਰਿਤਾ ਪ੍ਰੀਤਮ, ਜਸਵੰਤ ਸਿੰਘ ਕੰਵਲ ਆਦਿ ਸਮਕਾਲੀ ਸਾਹਿਤਕਾਰਾਂ ਤੱਕ ਜਾ ਪੁੱਜੀ ਅਤੇ ਇਕ ਵਿਸ਼ਾਲ ਲਾਇਬ੍ਰੇਰੀ ਦੀ ਰੂਪਮਾਨਤਾ ਉਸਰ ਗਈ। ਇਸ ਦੇ ਨਾਲ ਹੀ ਭਾਰਤੀ ਹਵਾਈ ਸੈਨਾ ਵਿੱਚ ਸੇਵਾ ਕਰਦਿਆਂ ਮੈਨੂੰ ਦੇਸ਼ ਦੇ ਹਰ ਕੋਨੇ ਤੱਕ ਪੁੱਜਣ ਦਾ ਅਵਸਰ ਮਿਲਿਆ। ਵੱਖ-ਵੱਖ ਇਲਾਕਿਆਂ ਦੇ ਲੋਕਾਂ ਦੀ ਭਾਸ਼ਾ, ਜੀਵਨ ਸ਼ੈਲੀ ਅਤੇ ਵਿਚਰਨ-ਵਿਚਾਰਨ ਢੰਗਾਂ ਬਾਰੇ ਜਾਣਕਾਰੀ ਹਾਸਿਲ ਹੋਈ। ਮੇਰਾ ਲਿਖਣ ਅਤੇ ਪੜ੍ਹਨ ਦਾ ਖੇਤਰ ਵਿਸ਼ਾਲ ਅਤੇ ਵਸੀਹ ਹੁੰਦਾ ਗਿਆ। ਮਦਰਾਸ, ਬੰਗਲੌਰ, ਕਲਕੱਤਾ, ਹੈਦਰਾਬਾਦ, ਮੈਸੂਰ, ਲਖਨਊ, ਜੰਮੂ ਕਸ਼ਮੀਰ, ਮੁੰਬਈ ਆਦਿਕ ਖੇਤਰਾਂ ਵਿੱਚ ਲੰਮਾ ਸਮਾਂ ਸੰਪਰਕ ਰਹਿਣ ਕਾਰਨ ਮੇਰੇ ਗਿਆਨ ਵਿੱਚ ਪ੍ਰਫੁੱਲਤਾ ਆਉਂਦੀ ਗਈ ਅਤੇ ਅਦਬੀ ਰੌਚਕਤਾ ਵਧਦੀ ਗਈ। ਨਵੀਆਂ ਸੇਧਾਂ ਅਤੇ ਨਵੀਨ ਅਨੁਭਵਾਂ ਨੇ ਰਚਨਾਤਮਿਕ ਰੁਝਾਣ ਨੂੰ ਉਤਸ਼ਾਹਿਤ ਕੀਤਾ।

**? ਤੁਸਾਂ ਲਿਖਣਾ ਕਦੋਂ ਆਰੰਭ ਕੀਤਾ ਅਤੇ ਅੱਜ ਤਕ ਤੁਸਾਂ ਕਿੰਨੀਆਂ ਅਤੇ ਸਾਹਿਤ ਦੇ ਕਿਹੜੇ ਕਿਹੜੇ ਰੂਪ ਵਿੱਚ ਪੁਸਤਕਾਂ ਦੀ ਸਿਰਜਨਾ ਕੀਤੀ?**

- 1958 ਵਿੱਚ ਮੇਰੀ ਪਹਿਲੀ ਕਹਾਣੀ "ਮਾਂ ਬੋਲੀ" ਛਪੀ ਜਿਸ ਤੋਂ ਐਨਾ ਪਿਆਰ ਅਤੇ ਉਤਸ਼ਾਹ ਮਿਲਿਆ ਕਿ ਮੇਰੀ ਕਲਮ ਨਿਰੰਤਰ ਜਾਗਰੂਕ ਹੋ ਗਈ। ਫਿਰ 1962 ਵਿੱਚ ਮੇਰਾ ਪਹਿਲਾ ਕਾਵਿ-ਸੰਗ੍ਰਹਿ "ਧਰਤੀ ਭਰੇ ਹੁੰਗਾਰਾ" ਪਾਠਕਾਂ ਦੇ ਸਨਮੁੱਖ ਹੋਇਆ। ਇਸ ਤੋਂ ਪਿਛੋਂ ਮੇਰੀਆਂ ਰਚਨਾਵਾਂ ਨੂੰ ਪਾਠਕਾਂ ਦੀ ਸਵੀਕਾਰਤਾ ਅਤੇ ਪਿਆਰ ਮਿਲਦਾ ਗਿਆ ਅਤੇ ਮੈਂ ਸਹਿਜੇ ਸਹਿਜੇ ਕੁੱਲ ਵਕਤੀ ਸਾਹਿਤਕਾਰ ਬਣ ਗਿਆ। ਹੁਣ ਮੇਰੀਆਂ ਵੱਖ-ਵੱਖ ਸਾਹਿਤਕ ਰੂਪਾਂ ਵਿੱਚ ਹੇਠ ਲਿਖੀਆਂ ਲਿਖਤਾਂ ਹਨ -

ਕਾਵਿ ਸੰਗ੍ਰਹਿ : 1. ਤਪਦਾ ਥਲ ਨੰਗੇ ਪੈਰ
2. ਚਟਾਨ ਤੇ ਕਿਸ਼ਤੀ
3. ਫੇਰ ਆਈ ਬਾਬਰਵਾਣੀ
4. ਕਾਲੇ ਸਮਿਆਂ ਦੇ ਨਾਲ ਨਾਲ
5. ਧੁੱਪੇ ਖੜਾ ਆਦਮੀ

(ਅ) ਕਹਾਣੀ ਸੰਗ੍ਰਹਿ 1. ਧੁੱਪ ਉਜਾ ਤੇ ਰਾਹਗੀਰ
2. ਖੰਡਿਤ ਮਨੁੱਖ ਦੀ ਕਥਾ
3. ਬਰਫ਼ ਦੇ ਆਦਮੀ ਤੇ ਸੂਰਜ
4. ਸਲੀਬ ਉਤੇ ਟੰਗਿਆ ਮਨੁੱਖ
5. ਨਿੱਕੇ ਨਿੱਕੇ ਹਿਟਲਰ

6. ਨੀਰੋਬੰਸਰੀ ਵਜਾ ਰਿਹਾ ਸੀ
7. ਕਹਾਣੀ ਅਜੇ ਮੁੱਕੀ ਨਹੀਂ
8. ਮੇਰੇ ਹਿੱਸੇ ਦਾ ਆਸਮਾਨ
9. ਡਾਚੀ ਵਾਲਿਆ ਮੋੜ ਮੁਹਾਰ
10. ਗੁਆਚ ਗਏ ਟਾਪੂਆਂ ਦੀ ਤਲਾਸ਼

(ੲ) ਆਲੋਚਨਾ 1. ਆਧੁਨਿਕ ਸਾਹਿਤਕ ਅਨੁਭਵ
2. ਪੰਜਾਬੀ ਸਾਹਿਤ ਅਤੇ ਸਭਿਆਚਾਰ

(ਸ) ਸੰਪਾਦਨਾ 1. ਤੀਲੇ ਤੇ ਆਲ੍ਹਣਾ (ਚੋਣਵਾਂ ਪੰਜਾਬੀ ਸੰਗ੍ਰਹਿ)

(ਹ) ਅਨੁਵਾਦ 1. ਮਾਂ ਤੋਂ ਵੱਧ ਕੌਣ (ਹਿਦੀ ਤੋਂ ਅਨੁਵਾਦ)

(ਕ) ਸਾਹਿਤ ਪੱਤਰਕਾਰੀ ਲੇਖ — ਲਗਭਗ 200 ਸਾਹਿਤ ਪੱਤਰਕਾਰੀ ਲੇਖ ਵੱਖ-ਵੱਖ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਛਪ ਚੁੱਕੇ ਹਨ।

(ਖ) ਰਸਾਲਿਆਂ ਦੀ ਸੰਪਾਦਨਾ 1. ਭਾਵਨਾ
2. ਨੁਕਤਾ
3. ਸਰਦਲ

ਉਪਰੋਕਤ ਰਚਨਾਵਾਂ ਤੋਂ ਇਲਾਵਾ ਰੇਡੀਓ ਅਤੇ ਟੀ.ਵੀ. ਉਪਰ ਟੀ.ਵੀ. ਰਚਨਾਵਾਂ ਦੀ ਪੇਸ਼ਕਾਰੀ ਕੀਤੀ ਗਈ ਅਤੇ ਭਵਿੱਖ ਵਿੱਚ ਵੀ ਇਹ ਸਿਲਸਿਲਾ ਜਾਰੀ ਹੈ।

**? ਤੁਸੀਂ ਹਰ ਸੁਆਸ ਅਤੇ ਹਰ ਪਲ ਲਿਖਣ ਵਿੱਚ ਮਸ਼ਰੂਫ਼ ਰਹਿੰਦੇ ਹੋ। ਇਸ ਖੇਤਰ ਵਿੱਚ ਲੱਗੇ ਰਹਿਣ ਲਈ ਤੁਸੀਂ ਐਨਾ ਸਮਾਂ ਕਿਵੇਂ ਕੱਢਦੇ ਹੋ?**

- ਆਪਣੇ ਸੇਵਾ ਕਾਲ ਤੋਂ ਅਵਿਨਾਸ਼ ਪ੍ਰਾਪਤੀ ਉਪਰੰਤ ਮੈਨੂੰ ਖੁੱਲ੍ਹਾ ਸਮਾਂ ਮਿਲ ਗਿਆ।

ਡਿਊਟੀ 'ਤੇ ਸਮੇਂ ਸਿਰ ਪੁੱਜਣ ਅਤੇ ਇਸ ਦੇ ਨਿਭਾਅ ਤੋਂ ਮੁਕਤੀ ਪ੍ਰਾਪਤ ਕਰਨ ਉਪਰੰਤ ਮੈਨੂੰ ਇੰਜ ਲੱਗਾ ਜਿਵੇਂ ਇਸ ਜੀਵਨ ਦੀਆਂ ਮੁੱਲਵਾਨ ਘੜੀਆਂ ਹੁਣ ਮੇਰੀਆਂ ਆਪਣੀਆਂ ਹਨ। ਮੇਰੀ ਸ਼ਰੀਕੇ ਹਯਾਤੀ ਸੰਨ 2000 ਵਿੱਚ ਸਦੀਵੀਂ ਵਿਛੋੜਾ ਦੇ ਗਏ। ਬੱਚੇ ਆਪੋ ਆਪਣੇ ਜੀਵਨ ਰੁਝੇਵਿਆਂ ਵਿੱਚ ਮਸ਼ਰੂਫ ਹਨ। ਇੰਜ ਮੈਨੂੰ ਇਸ ਖਲਾਅ ਅਤੇ ਇਕੱਲਤਾ ਦਾ ਸੰਤਾਪ ਵੀ ਹੰਢਾਉਣਾ ਪਿਆ। ਪ੍ਰੰਤੂ ਕਲਮ ਦਾ ਮਹਿਬੂਬੀ ਰੂਪ ਮੇਰੇ ਵਾਸਤੇ ਵਰਦਾਨ ਸਿੱਧ ਹੋਇਆ ਅਤੇ ਹੁਣ ਇਸ ਦੀ ਪ੍ਰੀਤ ਮੇਰਾ ਜੀਵਨ ਆਸਰਾ ਹੈ। ਬੱਚੇ ਕਿਧਰੇ ਕਿਧਰੇ ਆ ਕੇ ਮੇਰੇ ਇਕਾਂਤ ਭਰਪੂਰ ਪਲਾਂ ਵਿੱਚ ਰੌਣਕਾਂ ਦੀਆਂ ਰੰਗਤਾਂ ਭਰ ਜਾਂਦੇ ਹਨ। ਮਾਛੀਵਾੜਾ ਰੋਡ ਸਮਰਾਲਾ ਉਪਰ ਸਥਿਤ ਇਹ ਕੁਦਰਤ ਦੀ ਗੋਦੀ ਵਿਚਲੀ ਰਿਹਾਇਸ਼ ਮੇਰਾ ਵੱਡਾ ਸਾਥ ਅਤੇ ਸਕੂਨ ਹੈ। ਇਥੇ ਰਚਨਾਵਾਂ ਉਪਜਦੀਆਂ ਹਨ ਜੋ ਕਿ ਪਾਠਕਾਂ ਦੁਆਰਾ ਪ੍ਰਵਾਨੀਆਂ ਅਤੇ ਸਤਿਕਾਰੀਆਂ ਜਾਂਦੀਆਂ ਹਨ ਅਤੇ ਮੇਰੀ ਕਲਮ ਨੂੰ



ਉਤਸ਼ਾਹ ਮਿਲਿਆ ਰਹਿੰਦਾ ਹੈ। ਸੋ ਕਲਮ ਦੀ ਤੀਬਰ ਗਤੀ ਅਤੇ ਖਿਆਲਾਂ ਦੀ ਪ੍ਰਵਾਜ਼ ਮੇਰਾ ਹਰ ਪਲ ਅਤੇ ਸੁਆਸ ਦਾ ਆਨੰਦ ਹੈ।

**? ਲਗਾਤਾਰ ਜਦ ਇਕੋ ਹੀ ਕਾਰਜ ਕੀਤਾ ਜਾਂਦਾ ਹੈ ਤਾਂ ਇਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਇਸ ਵਿਚ ਅਕੇਵਾਂ ਅਤੇ ਥਕੇਵਾਂ ਉਪਜਦਾ ਹੈ। ਤੁਸੀਂ ਕਿਵੇਂ ਅਨੁਭਵ ਕਰਦੇ ਹੋ?**

- ਕੋਈ ਰੁਝੇਵਾਂ ਉਸ ਸਮੇਂ ਹੀ ਥਕੇਵੇਂ ਦਾ ਰੂਪ ਧਾਰਨ ਕਰਦਾ ਹੈ ਜਦੋਂ ਇਸ ਨੂੰ ਬੋਝ ਸਮਝ ਕੇ ਸਵੀਕਾਰਿਆ ਜਾਵੇ। ਜਦੋਂ ਇਸ ਵਿੱਚੋਂ ਰਸ ਅਤੇ ਸਕੂਨ ਮਿਲਦਾ ਹੈ ਤਾਂ ਇਹ ਆਨੰਦ ਸਰੋਤ ਹੋ ਨਿਬੜਦਾ ਹੈ। ਮੇਰੀਆਂ ਲਿਖਤਾਂ ਦੀ ਸਿਰਜਨਾ ਮੇਰੇ ਵਾਸਤੇ ਸੰਗੀਤ ਦੀਆਂ ਧੁਨਾਂ ਹਨ ਜੋ ਕਿ ਲਗਾਤਾਰ ਗੁੰਜਾਰ ਪੈਦਾ ਕਰਕੇ ਮੈਨੂੰ ਸਰੋਦੀ ਰੰਗਤਾਂ ਵਿੱਚ ਪਸਤ ਰੱਖਦੀਆਂ ਹਨ। ਲਿਖਦਾ ਲਿਖਦਾ ਮੈਂ ਕਿਸੇ ਐਸੀ ਦੁਨੀਆਂ ਵਿੱਚ ਜਾ ਪੁੱਜਦਾ ਹਾਂ ਜਿਥੋਂ ਵਾਪਸ ਮੁੜਨ ਲਈ ਦਿਲ ਨਹੀਂ ਕਰਦਾ। ਇੰਜ ਵਿਚਾਰਾਂ ਦਾ ਵੇਗ ਮੇਰੇ ਵਾਸਤੇ ਇਕ ਵਿਸ਼ੇਸ਼ ਪ੍ਰਕਾਰ ਦੀ ਕੁਦਰਤੀ ਨਿਵਾਜ਼ਿਸ਼ ਹੈ!

**? ਤੁਹਾਡਾ ਇਕਾਂਤ ਕਿਧਰੇ ਕਿਧਰੇ ਇਕੱਲਤਾ ਵਿੱਚ ਬਦਲ ਕੇ ਉਦਾਸੀ ਨਾਲ ਜ਼ਰੂਰ ਜੋੜਦਾ ਹੋਵੇਗਾ!**

- ਮੈਂ ਇਕਾਂਤ ਦਾ ਅਭਿਲਾਸ਼ੀ ਹਾਂ ਅਤੇ ਇਸ ਨੂੰ ਇਕੱਲਤਾ ਵਿੱਚ ਬਦਲਣ ਲਈ ਕਦੇ ਵੀ ਮੌਕਾ ਨਹੀਂ ਦਿੰਦਾ। ਮੇਰੀ ਸ਼ਰੀਕੇ ਹਯਾਤੀ ਦੀਆਂ ਯਾਦਾਂ ਹਰ ਸਮੇਂ ਮੇਰੇ ਅਹਿਸਾਸਾਂ ਅਤੇ ਸੁਆਸਾਂ ਵਿੱਚ ਘੁਲੀਆਂ ਮਿਲੀਆਂ ਰਹਿੰਦੀਆਂ ਹਨ। ਮੇਰੇ ਹਰ ਕਾਰਜ ਅਤੇ ਕ੍ਰਿਆ ਵਿੱਚ ਉਹ ਮੇਰੇ ਨਾਲ ਨਾਲ ਤੁਰਦੀ ਅਨੁਭਵ ਹੁੰਦੀ ਹੈ। ਮੇਰੀ ਕਲਮ, ਕਿਤਾਬਾਂ ਅਤੇ ਕ੍ਰਿਆਸ਼ੀਲਤਾ ਮੈਨੂੰ ਉਦਾਸੀ ਦੇ ਪੱਖ ਵਿੱਚ ਕਦੇ ਵੀ ਨਹੀਂ ਜਾਣ ਦਿੰਦੀਆਂ। ਕੁਦਰਤੀ ਦ੍ਰਿਸ਼ ਸਦਾ ਹੀ ਮੇਰਾ ਦਿਲ ਬਹਿਲਾਉਂਦੇ ਰਹਿੰਦੇ ਹਨ। ਇਕਾਂਤ ਦੀ ਸ਼ਾਂਤੀ ਮੈਨੂੰ ਨਵੇਂ ਖਿਆਲਾਂ ਨਾਲ ਜੋੜਦੀ ਹੈ।

**? ਕੁਦਰਤੀ ਦ੍ਰਿਸ਼ਾਂ ਦੀ ਵੰਨ ਸੁਵੰਨਤਾ ਬਾਰੇ ਤੁਹਾਨੂੰ ਕਿਵੇਂ ਅਨੁਭਵ ਹੁੰਦਾ ਹੈ?**

- ਜਦ ਮੈਂ ਆਪਣੇ ਬਚਪਨ ਸਮੇਂ ਆਪਣੇ ਪਿੰਡ ਵਿੱਚ ਰਹਿੰਦਾ ਸਾਂ ਤਾਂ ਸਾਡੇ ਘਰ ਦੇ ਲਾਗੇ ਹੀ ਇਕ ਛੱਪੜ ਹੁੰਦਾ ਸੀ। ਜਦ ਹਵਾ ਵਗਦੀ ਸੀ ਤਾਂ ਇਸ ਵਿਚਲੇ ਪਾਣੀ ਵਿੱਚ ਸਤ ਲਹਿਰੇ ਜਦ ਕਲਵਲ ਕਰਦੇ ਸਨ ਤਾਂ ਮੈਨੂੰ ਬਹੁਤ ਅਨੰਦ ਆਉਂਦਾ ਸੀ। ਮੈਂ ਕੰਢੇ ਉਪਰ ਬੈਠਾ ਘੰਟਿਆਂ ਬੱਧੀ ਇਨ੍ਹਾਂ ਦੇ ਨਾਲ ਨਾਲ ਹੀ ਹੁਲਾਰੇ ਮਹਿਸੂਸ ਕਰਦਾ ਰਹਿੰਦਾ ਸਾਂ। ਮੇਰੀ ਇਹ ਰੁਚੀ ਸਦੀਵੀਂ ਨਾਲ ਨਾਲ ਹੀ ਤੁਰੀ ਰਹੀ। ਇਥੇ ਸਮਰਾਲੇ ਮੇਰੇ ਘਰ ਦੇ ਨੇੜਿਓਂ ਜੋ ਸੂਆ ਲੰਘਦਾ ਹੈ, ਇਸ ਦੇ ਕੰਢੇ-ਕੰਢੇ ਸੈਰ ਕਰਦਿਆਂ ਇਸ ਵਿਚਲੇ ਵਹਿੰਦੇ ਪਾਣੀ ਦਾ ਦ੍ਰਿਸ਼ ਕੋਈ ਨਿਵੇਕਲਾ ਸਕੂਨ ਦਿੰਦਾ ਹੈ। ਹਰੇ ਹਰੇ ਖੇਤ ਅਤੇ ਪੰਛੀਆਂ ਦੀ ਚਹਿਚਹਾਟ ਮੈਨੂੰ ਸੰਨਤੀ ਹੁਲਾਰੇ ਦਿੰਦੀ ਹੈ। ਮੇਰੇ ਘਰ ਦੇ ਵਿਸ਼ਾਲ ਵਿਹੜੇ ਵਿਚ ਲੱਗਾ ਹੋਇਆ ਬਾਗੀਚਾ ਮੇਰੇ ਵਾਸਤੇ ਸਭ ਤੋਂ ਵੱਡਾ ਰੁਝੇਵਾਂ ਅਤੇ ਕੁਦਰਤ ਨਾਲ ਕਲੋਲਾਂ ਕਰਨ ਦਾ ਵਿਸ਼ੇਸ਼ ਸਾਧਨ ਹੈ। ਫੁੱਲਾਂ ਅਤੇ ਬੂਟਿਆਂ ਦੀ ਗੋਡੀ ਮੈਨੂੰ ਸਰੂਰ ਦਿੰਦੀ ਹੈ।

ਸ਼ਗੂਫਿਆਂ, ਗੁਲਦਾਉਦੀ, ਗੁਲਮੋਹਰ, ਗੁਲਾਚੀਨ, ਗੁੱਟਾ ਅਤੇ ਗੁਲਾਬ ਉਪਰ ਪਈ ਹੋਈ ਸ਼ਬਨਮ ਇਕ ਉਤਮ ਤਬੱਸ਼ਪ ਅਤੇ ਜ਼ੀਨਤ ਹੁੰਦੀ ਹੈ। ਪੁਸ਼ਫ ਖੇੜੇ ਅਤੇ ਫਲਾਂ ਨਾਲ ਝੁਕੀਆਂ ਹੋਈਆਂ ਟਾਹਣੀਆਂ ਮੇਰਾ ਖੈਰ ਮਕਸਦ ਮਕਦਮ ਕਰਦੀਆਂ ਅਤੇ ਸਲਾਮੀਆਂ ਦਿੰਦੀਆਂ ਅਨੁਭਵ ਹੁੰਦੀਆਂ ਹਨ। ਵਰਖਾ ਨਾਲ ਧੋਤੇ ਹੋਏ ਇਨ੍ਹਾਂ ਦੇ ਹੁਸੀਨ ਚਿਹਰੇ ਮੇਰੇ ਲਈ ਉਤਮ ਬਖਸ਼ਿਸ਼ ਹੁੰਦਜੇ ਹਨ। ਸਵੇਰ ਅਤੇ ਸ਼ਾਮ ਦੀਆਂ ਲੰਮੀਆਂ ਸੈਰਾਂ ਮੇਰੀ ਚੰਗੀ ਸਿਹਤ ਦਾ ਸਾਧਨ ਹਨ। ਸਾਹਿਤਕ ਦੋਸਤਾਂ ਨਾਲ ਹਸਿਆਂ ਦੀ ਸਾਂਝ ਮੈਨੂੰ ਤਾਜ਼ਗੀ ਨਾਲ ਜੋੜਦੀ ਹੈ। ਤਿਤਲੀਆਂ ਦੀਆਂ ਪ੍ਰਵਾਜ਼ਾਂ ਅਤੇ ਭੰਵਰਿਆਂ ਦੀ ਗੁੰਜ਼ਾਰ ਕਿਸੇ ਅਗੰਮੀ ਸ਼ਕਤੀ ਦੀ ਪ੍ਰਤੀਨਿਧ ਅਨੁਭਵ ਹੁੰਦੀ ਹੈ!

**? ਅੱਜ ਕੱਲ੍ਹ ਕਿਹੜੀ ਪੁਸਤਕ ਦੀ ਰਚਨਾ ਕਰ ਰਹੇ ਹੋ?**

- ਲੰਮਾ ਸਾਹਿਤਕ ਸਫ਼ਰ ਅਤੇ ਜੀਵਨ ਦੇ ਵੱਖ-ਵੱਖ ਅਨੁਭਵਾਂ ਨੂੰ ਇਕ ਪੁਸਤਕ ਦਾ ਰੂਪ ਦੇ ਕੇ ਮੈਂ ਸਵੈ ਜੀਵਨੀ ਲਿਖ ਰਿਹਾ ਹਾਂ ਜਿਸ ਦਾ ਨਾਮ ਹੈ "ਕਾਲੇ ਲਿਖ ਨਾ ਲੇਖ" ਇਹ ਪੁਸਤਕ ਨਿਬੰਧਾਤਮਿਕ ਰੂਪ ਵਿੱਚ ਹੈ ਅਤੇ ਮੇਰੇ ਜੀਵਨ ਦੀਆਂ ਵੱਖ-ਵੱਖ ਝਲਕਾਂ ਇਸ ਵਿਚੋਂ ਮਿਲਣਗੀਆਂ।

**? ਤੁਹਾਡੀ ਇਕ ਕਵਿਤਾ "ਬੁਰਕੇ ਹੇਠਲੀ ਰਾਤ" ਬਹੁਤ ਪ੍ਰਸਿੱਧ ਹੋਈ ਸੀ। ਇਸ ਵਿਚਲੇ ਕੇਂਦਰ ਭਾਵ ਅਤੇ ਖਿਆਲ ਦੀ ਰੂਪਮਾਨਤਾ ਕਿਵੇਂ ਬਣੀ?**

- ਇਸ ਨੂੰ ਮਨੁੱਖਤਾ ਦੀ ਜਨਮਦਾਤੀ ਹੈ। ਇਸ ਦੀ ਗੈਰ ਹਾਜ਼ਰੀ ਜੀਵਨ ਦੀਆਂ ਜੜ੍ਹਾਂ ਹਿਲਾ ਦਿਦੀ ਹੈ। ਇਹ ਜਗਤ ਦੀ ਪਾਲਣਹਾਰ ਹੈ ਅਤੇ ਸੁਚੱਜਤਾ ਦਾ ਸਰੋਤ ਹੈ। ਇਹ ਸਹਿਜ ਦਾ ਮੁਜੱਸਮਾ ਹੈ ਅਤੇ ਜੀਵਨ ਜਾਚ ਵਾਸਤੇ ਰਹਿਨੁਮਾ ਹੈ। ਇਹ ਕੁਰਬਾਨੀ ਦੀ ਸਿਖਰ ਹੈ ਅਤੇ ਤਿਆਗ ਇਸ ਦੀ ਵਿਸ਼ੇਸ਼ ਫਿਤਰਤ ਹੈ। ਇਹ ਕੋਮਲਤਾ ਅਤੇ ਲਲਿਤਾ ਦੀ ਬੁਲੰਦ ਤਸਵੀਰ ਹੈ। ਇਹ ਕਲਪਨਾ ਦੀ ਕੇਂਦਰ ਬਿੰਦੂ ਹੈ। ਪ੍ਰੰਤੂ ਮਨੁੱਖ ਦੁਆਰਾ ਸਦਾ ਤੋਂ ਹੀ ਇਸ ਪ੍ਰਤੀ ਦਬਾਉ ਭਰਪੂਰ ਰਵੱਈਆ ਹੀ ਧਾਰਨ ਕੀਤਾ ਗਿਆ ਹੈ। ਆਧੁਨਿਕ ਅਗਾਂਹ ਵਧੂ ਯੁਗ ਵਿੱਚ ਵੀ ਇਸ ਨੂੰ ਅਤਿ ਦੀਆਂ ਤਰਸਯੋਗ ਅਤੇ ਨੀਵੀਂ ਪੱਧਰ ਦੀਆਂ ਪ੍ਰਸਥਿਤੀਆਂ ਵਿਚੋਂ ਦੀ ਗੁਜ਼ਰਨਾ ਪੈ ਰਿਹਾ ਹੈ। ਮੁਸਲਿਮ ਸਮਾਜ ਵਿੱਚ ਬੁਰਕਾ ਇਸਦੀ ਇਕ ਵਿਸ਼ੇਸ਼ ਉਦਾਹਰਣ ਹੈ। ਅਤਿ ਦੀ ਗਰਮੀ ਹੋਵੇ ਜਾਂ ਮਨੁੱਖੀ ਸਰੀਰ ਦੀ ਸਹਿਣਸ਼ਕਤੀ ਤੋਂ ਪ੍ਰਵੇ ਦੀਆਂ ਹੋਰ ਹਾਲਤਾਂ ਹੋਣ, ਇਹ ਰਾਤ ਵਰਗਾ ਪਹਿਰਾਵਾ ਖਵਾਤੀਨ ਵਾਸਤੇ ਲਾਜ਼ਮੀ ਹੈ। ਮੈਂ ਜਦ ਪਾਕਿਸਤਾਨ ਦੀ ਫੇਰੀ ਉਪਰ ਗਿਆ ਤਾਂ ਉਥੇ ਇਹ ਕੁਝ ਆਮ ਹੀ ਦੇਖਣ ਨੂੰ ਮਿਲਿਆ। ਭਾਰਤ, ਜਿਥੇ ਕਿ ਸਭ ਨਾਗਰਿਕਾਂ ਨੂੰ ਜੀਵਨ ਦੇ ਬਰਾਬਰ ਦੇ ਹੱਕ ਅਤੇ ਅਵਸਰ ਪ੍ਰਾਪਤ ਹਨ, ਵਿੱਚ ਵੀ ਮੁਸਲਿਮ ** ਅਸ਼ਰਾ ਬੁਰਕੇ ਨੂੰ ਨਹੀਂ ਤਿਆਗ ਰਿਹਾ। ਸੋ ਇਹ ਪਹਿਰਾਵਾ ਮੈਨੂੰ ਇਕ ਹਨ੍ਹੇਰੀ ਭਿਅੰਕਰ ਰਾਤ ਵਾਂਗਰ ਅਨੁਭਵ ਹੋਇਆ ਜਿਸ ਤੋਂ ਮੈਨੂੰ ਇਹ ਕਵਿਤਾ ਲਿਖਣ ਦਾ ਵਿਚਾਰ ਪ੍ਰਾਪਤ ਹੋਇਆ।



**? ਤੁਹਾਡੀ ਇਕ ਕਹਾਣੀ "ਇਕ ਸਾਧਾਰਨ ਪਾਤਰ ਦੀ ਮੌਤ' ਪੜ੍ਹਨ ਦਾ ਮੌਕਾ ਮਿਲਿਆ ਜਿਸ ਦਾ ਮੁੱਖ ਪਾਤਰ ਦਲੀਪ ਸਿੰਘ ਉਰਫ ਦੀਪਾ ਹੈ। ਕੀ ਇਹ ਘਟਨਾ ਵਾਸਤਵ ਵਿੱਚ ਵਾਪਰੀ ਹੈ ਜਾਂ ਕਿ ਪੂਰਨ ਕਲਪਨਾ ਹੀ ਹੈ?**

- ਇਹ ਘਟਨਾ ਸੱਚਮੁੱਚ ਹੀ ਵਾਪਰੀ ਸੀ ਪ੍ਰੰਤੂ ਇਸ ਵਿੱਚ ਕੁਝ ਕਾਲਪਨਿਕ ਰੰਗਨ ਵੀ ਹੈ। ਇਸ ਵਿੱਚ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਵੇਂ ਸਾਧਾਰਨ ਵਿਅਕਤੀ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਆਪਣੀ ਇੱਜ਼ਤ ਦਾ ਪ੍ਰਸ਼ਨ ਬਣਾ ਲੈਂਦਾ ਹੈ। ਦੀਪਾ ਇਕ ਦਫ਼ਤਰ ਵਿੱਚ ਸੇਵਾਦਾਰ ਹੈ ਅਤੇ ਉਸ ਦਾ ਕਲਰਕ ਨਾਲ ਮਾਮੂਲੀ ਗੱਲ ਤੋਂ ਝਗੜਾ ਹੋ ਜਾਂਦਾ ਹੈ। ਦੀਪੇ ਨੂੰ ਵਕਤ ਦੀ ਨਾਜ਼ੁਕਤਾ ਅਨੁਸਾਰ ਕਲਰਕ ਨਾਲ ਸਮਝੌਤਾ ਕਰਨ ਲਈ ਸਮਝਾਇਆ ਜਾਂਦਾ ਹੈ ਪ੍ਰੰਤੂ ਉਹ ਇੱਜ਼ਤ ਦੇ ਸੁਆਲ ਉਪਰ ਅੜ ਜਾਂਦਾ ਹੈ। ਮੁਅੱਤਲੀ ਉਪਰੰਤ ਜਦ ਆਰਥਿਕ ਤੰਗੀਆਂ ਦਾ ਸਾਹਮਣਾ ਹੁੰਦਾ ਹੈ ਤਾਂ ਉਸ ਦੀ ਸੋਚ ਟੀਕ ਰੂਪ ਵਿੱਚ ਕਾਰਜ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ। ਇੰਜ ਉਸ ਦੀ ਸਾਰੀ ਹੀ ਮਹਾਨ ਅਤੇ ਸ਼ਾਨ ਦੀ ਮੌਤ ਹੋ ਜਾਂਦੀ ਹੈ। ਗੱਲ ਤਾਂ ਕੁਝ ਵੀ ਨਹੀਂ ਸ੍ਰੀ ਪ੍ਰੰਤੂ ਅੜੀ ਕਰਨ ਲੰਮੇ ਸਮੇਂ ਦਾ ਸੰਤਾਪ ਸਨੇਹ ਲਿਆ ਗਿਆ। ਇੰਜ ਇਹ ਕਹਾਣੀ ਆਮ ਆਦਮੀ ਦੀ ਫ਼ਿਤਰਤ ਦੀ ਪ੍ਰਤੀਨਿਧਤਾ ਕਰਦੀ ਹੈ।

**? ਇਕ ਪ੍ਰਸ਼ਨ ਤੁਹਾਡੇ ਬੱਚਿਆਂ ਬਾਰੇ ਪੁੱਛ ਰਿਹਾ ਹਾਂ। ਉਨ੍ਹਾਂ ਬਾਰੇ ਕੁਝ ਦੱਸੋ।**

- ਮੇਰੇ ਦੋ ਬੱਚੇ ਅਤੇ ਦੋ ਹੀ ਬੇਟੀਆਂ ਹਨ। ਬੇਟਿਆਂ ਵਿਚੋਂ ਇਕ ਪੱਕੇ ਤੌਰ 'ਤੇ ਪਰਵਾਰ ਸਮੇਤ ਕੈਨੇਡਾ ਵਿੱਚ ਰਹਿ ਰਿਹਾ ਹੈ ਜਦੋਂ ਕਿ ਦੂਜਾ ਇਥੇ ਪੰਜਾਬ ਵਿੱਚ ਹੀ ਆਪਣਾ ਨਿੱਜੀ ਕਾਰੋਬਾਰ ਕਰ ਰਿਹਾ ਹੈ।

**? ਤੁਹਾਡਾ ਅਦਲ ਨਾਲ ਐਨਾ ਮੁਹੱਬਤੀ ਅਤੇ ਮਹਿਬੂਬੀ ਲਗਾਓ ਹੈ ਅਤੇ ਤੁਸੀਂ ਇਕ ਆਦਰਸ਼ਵਾਦੀ ਲੇਖਕ ਵੀ ਹੈ। ਮੇਰੇ ਖਿਆਲ ਵਿੱਚ ਤੁਸਾਂ ਬੱਚਿਆਂ ਦੇ ਨਾਮਕਰਨ ਵੇਲੇ ਵੀ ਸਾਹਿਤਕ ਅਤੇ ਸੰਗੀਤਕ ਰੂਪ ਨੂੰ ਖਿਆਲ ਵਿੱਚ ਰੱਖਿਆ ਹੋਵੇਗਾ। ਉਨ੍ਹਾਂ ਦੇ ਨਾਵਾਂ ਬਾਰੇ ਦੱਸੋ।**

- ਹਾਂ ਮੇਰੇ ਚਹੁੰ ਬੱਚਿਆਂ ਦੇ ਨਾਮ ਕਾਵਿਕ ਰੂਪ ਵਿੱਚ ਸੰਗੀਤਕ ਧੁਨਾਂ ਉਪਜਾਉਂਦੇ ਹਨ। ਦੋਵਾਂ ਹੀ ਲੜਕਿਆਂ ਦੇ ਨਾਮ ਤਰਤੀਬਵਾਰ ਨਵਮਾਰਗ ਸਫ਼ਰ ਅਤੇ ਨਵਚੇਤਨ ਵੇਗ ਹੈ। ਇੰਜ ਹੀ ਦੋਵੇਂ ਹੀ ਬੇਟੀਆਂ ਨਵ ਸੰਗੀਤ ਕਿਰਨ ਅਤੇ ਨਵਕਵਿਤਾ ਸਵੇਰ ਕਰਕੇ ਜਾਣੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਮੇਰੇ ਘਰ ਦਾ ਨਾਮ ਵੀ "ਕਵਿਤਾ ਭਵਨ' ਹੈ ਜਿਥੇ ਹਰ ਪਲ ਸਾਹਿਤ ਅਤੇ ਸੁਖਨ ਦਾ ਵਾਸਾ ਹੈ।

**? ਕੀ ਤੁਹਾਡੇ ਬੱਚੇ ਵੀ ਸਾਹਿਤਕ ਰੁਚੀਆਂ ਰੱਖਦੇ ਹਨ?**

- ਮੇਰੇ ਦੋਵੇਂ ਹੀ ਬੇਟੇ ਸਾਹਿਤਕ ਖੇਤਰ ਤੋਂ ਨਿਰਲੇਪ ਅਤੇ ਉਦਾਸੀਨ ਹਨ। ਉਨ੍ਹਾਂ ਦੀ ਸੁਭਾਅ ਬਿਲਕੁਲ ਹੀ ਆਪਣੀ ਮਾਂ ਨਾਲ ਮੇਲ ਖਾਂਦਾ ਹੈ ਜੋ ਕਿ ਸ਼ੁੱਧ ਰੂਪ ਵਿੱਚ ਇਕ ਸਾਧਾਰਨ ਤਬੀਅਤ ਵਾਲੀ ਇਸਤਰੀ ਸੀ। ਇਸ ਦੇ ਉਲਟ ਦੋਵਾਂ ਹੀ ਬੇਟੀਆਂ ਦੀ



ਫ਼ਿਤਰਤ ਮੇਰੇ ਅਨੁਕੂਲ ਹੈ। ਵੱਡੀ ਨਵਸੰਗੀਤ ਕਿਰਨ ਵਾਰਤਕ ਵਿੱਚ ਰੌਚਕਤਾ ਰੱਖਦੀ ਹੈ। ਉਹ ਇਸ ਖੇਤਰ ਦੀ ਇਕ ਵਧੀਆ ਪਾਠਕ ਅਤੇ ਰਚੇਤਾ ਹੈ। ਛੋਟੀ ਨਵਕਵਿਤਾ ਸਵੇਰ ਕਾਵਿਕ ਰੁਚੀਆਂ ਵਾਲੀ ਹੈ ਅਤੇ ਇਕ ਚੰਗੀ ਕਵ੍ਿਤੀ ਹੈ। ਨਾਟਕ ਅਦਾਕਾਰ ਤੇ ਨਿਰਦੇਸ਼ਕ ਹੈ।

**? ਤੁਸੀਂ ਬਿਰਧ ਅਵਸਥਾ ਨਾਲ ਜੁੜ ਰਹੇ ਹੋ ਪ੍ਰੰਤੂ ਤੁਹਾਡੀ ਲੇਖਣੀ ਦੀ ਨਿਰੰਤਰਤਾ ਪੂਰਨ ਰੂਪ ਵਿੱਚ ਅਰੂਜ ਭਰਪੂਰ ਹੈ। ਇਸ ਦਾ ਰਾਜ ਜ਼ਰਾ ਸਾਂਝਾ ਕਰੋ।**

- ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਕਲਮੀ ਵੇਗ ਮੇਰਾ ਆਨੰਦ ਹੈ। ਇਸ ਨਾਲ ਜੁੜਕੇ ਮੈਂ ਵਕਤ ਅਤੇ ਉਮਰ ਦੀਆਂ ਸੀਮਾਵਾਂ ਨੂੰ ਵਿਸਾਰ ਦਿੰਦਾ ਹਾਂ। ਇਸ ਤੋਂ ਇਲਾਵਾ ਪ੍ਰਾਕ੍ਰਿਤਕ ਨਜ਼ਾਰੇ ਮੈਨੂੰ ਸ਼ਕਤੀ ਅਤੇ ਉਤਸ਼ਾਹ ਬਖਸ਼ਦੇ ਹਨ। ਲੰਮੀਆਂ ਸੈਰਾਂ ਮੇਰੀ ਹਰ ਪਲ ਦੀ ਤਾਜ਼ਗੀ ਦਾ ਆਧਾਰ ਹਨ। ਮੈਂ ਸ਼ੁੱਧ ਸ਼ਾਕਾਹਾਰੀ ਹਾਂ। ਸਬਜ਼ੀਆਂ ਜੋ ਕਿ ਮੈਂ ਖ਼ੁਦ ਪੈਦਾ ਕਰਦਾ ਹਾਂ, ਮੈਨੂੰ ਤੰਦਰੁਸਤ ਰੱਖ ਕੇ ਸੰਤੁਲਿਤ ਵਿਚਾਰਧਾਰਾ ਨਾਲ ਜੋੜਦੀਆਂ ਹਨ। ਇਨ੍ਹਾਂ ਦੇ ਨਾਲ ਹੀ ਹਰ ਰੁੱਤ ਅਨੁਸਾਰ ਬਗੀਚੇ ਵਿਚੋਂ ਉਪਜੇ ਹੋਏ ਫ਼ਲ ਸ਼ਾਮਲ ਹੁੰਦੇ ਹਨ। ਇਹ ਮੇਰਾ ਸ਼ੌਂਕ ਹੈ। ਕਲਮ ਅਤੇ ਕਹੀ ਦਾ ਸਾਥ ਮੇਰਾ ਮਾਨਸਿਕ ਅਤੇ ਸਰੀਰਕ ਸਕੂਨ ਸਰੋਤ ਹੈ।

**? ਤੁਹਾਡੇ ਦੋ ਬੇਟੇ ਹਨ ਪ੍ਰੰਤੂ ਫਿਰ ਵੀ ਤੁਸੀਂ ਇਕਾਂਤਵਸ ਨੂੰ ਤਰਜੀਹ ਦੇ ਰਹੇ ਹੋ ਅਜਿਹਾ ਕਿਉਂ? ਤੁਸੀਂ ਆਪਣੇ ਪੁੱਤਰਾਂ ਅਤੇ ਪੋਤਰੇ ਪੋਤਰੀਆਂ ਦੀ ਸੰਗਤ ਵਿੱਚ ਕਿਉਂ ਨਹੀਂ ਜਾਂਦੇ?**

- ਇਕਾਂਤ ਮੇਰੀ ਸਾਹਿਤਕ ਜ਼ਰੂਰ ਹੈ। ਇਹ ਮੈਨੂੰ ਨਵੇਂ ਖਿਆਲਾਂ ਅਤੇ ਪ੍ਰਵਾਜ਼ਾਂ ਨਾਲ ਜੋੜਦਾ ਹੈ। ਜਿਵੇਂ ਕਿ ਮੈਂ ਪਹਿਲਾਂ ਦਸ ਚੁੱਕਾ ਹਾਂ ਕਿ ਮੇਰੇ ਦੋਵੇਂ ਹੀ ਬੇਟੇ ਕਾਰੋਬਾਰੀ ਹਨ ਅਤੇ ਸਾਹਿਤਕ ਰੁਚੀਆਂ ਤੋਂ ਨਿਰਲੇਪ ਹਨ। ਉਨ੍ਹਾਂ ਪਾਸ ਮੈਂ ਸਮੇਂ-ਸਮੇਂ ਤੇ ਜਾਂਦਾ ਰਹਿੰਦਾ ਹਾਂ ਪ੍ਰੰਤੂ ਸਥਾਈ ਤੌਰ 'ਤੇ ਮੈਂ ਉਨ੍ਹਾਂ ਪਾਸ ਨਹੀਂ ਰਹਿ ਸਕਦਾ। ਉਹ ਆਪੋ ਆਪਣੇ ਰੁਝੇਵਿਆਂ ਨਾਲ ਜੁੜੇ ਹੋਏ ਹੁੰਦੇ ਹਨ ਅਤੇ ਮੇਰਾ ਇਕਾਂਤ ਇਕੱਲਤਾ ਵਿੱਚ ਬਦਲ ਜਾਂਦਾ ਹੈ। ਇੰਜ ਮੇਰੀਆਂ ਭਾਵਨਾਵਾਂ ਡੋਲਦੀਆਂ ਅਤੇ ਦੱਬੀਆਂ ਜਾਂਦੀਆਂ ਹਨ। ਕਲਮ ਅਤੇ ਕਦੁਰਤ ਨਾਲੋਂ ਟੁੱਟਣਾ ਮੇਰੇ ਵੱਸ ਦੀ ਗੱਲ ਨਹੀਂ ਹੈ। ਇਹ ਦੋਵੇਂ ਹੀ ਮੇਰੀ ਰੂਹ ਦੀ ਗਜ਼ਾ ਹਨ ਜੋ ਕਿ ਮੈਨੂੰ ਕਵਿਤਾ ਭਵਨ ਸਮਰਾਲਾ ਹੀ ਪ੍ਰਦਾਨ ਕਰਦਾ ਹੈ।

**? ਕੀ ਤੁਸੀਂ ਕਿਸੇ ਖਾਸ ਵਾਦ ਜਾਂ ਵਿਚਾਰਧਾਰਾ ਵਿੱਚ ਵਿਸ਼ਵਾਸ਼ ਰੱਖਦੇ ਹਨ?**



- ਮੈਂ ਵਾਦਾਂ-ਵਿਵਾਦਾਂ ਦੇ ਚੱਕਰਾਂ ਤੋਂ ਮੁਕਤ ਰਹਿ ਕੇ ਸੰਤੁਸ਼ਟੀ ਅਨੁਭਵ ਕਰਦਾ ਹਾਂ। ਪ੍ਰੰਤੂ, ਸਮਕਾਲੀ ਵਿਚਾਰਧਾਰਾ ਹਰ ਵਿਅਕਤੀ ਉਪਰ ਆਪਣਾ ਪ੍ਰਭਾਵ ਪਾ ਹੀ ਦਿੰਦੀ ਹੈ। ਵਿਰਸੇ ਵਿੱਚ ਮਿਲਿਆ ਹੋਇਆ ਸਿੱਖ ਧਰਮ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਮਾਜਵਾਦੀ ਵਿਚਾਰਧਾਰਾ ਮੇਰਾ ਆਦਰਸ਼ ਹੈ। ਇਨ੍ਹਾਂ ਹੀ ਲੀਹਾਂ ਤੇ ਕਾਰਲ ਮਾਰਕਸ ਨੇ ਸੋਚਿਆ ਅਤੇ ਮੈਂ ਵੀ ਇਸ ਦਾ ਧਾਰਨੀ ਬਣਿਆ। ਇਸ ਤੋਂ ਇਲਾਵਾ ਬਬਰ ਅਕਾਲੀ ਅਤੇ ਗਦਰ ਪਾਰਟੀ ਦੇ ਵਿਚਾਰਾਂ ਨੇ ਵੀ ਮੈਨੂੰ ਪ੍ਰਭਾਵਿਤ ਕੀਤਾ ਅਤੇ ਮੈਂ ਸੱਚੇ ਦਿਲੋਂ ਉਨ੍ਹਾਂ ਦਾ ਕਦਰਦਾਨ ਹਾਂ।

**? ਤੁਸਾਂ ਆਪਣੇ ਭਵਿੱਖ ਬਾਰੇ ਕੀ ਸੰਕਲਪ ਧਾਰਨ ਕੀਤਾ ਹੋਇਆ ਹੈ?**

-ਮੇਰੀ ਇਹ ਤੀਬਰ ਅਭਿਲਾਸ਼ਾ ਹੈ ਕਿ ਮੈਂ ਲਗਾਤਾਰ ਲਿਖਦਾ ਰਹਾਂ ਅਤੇ ਸਾਹਿਤ ਦੇ ਵਹਿੰਦੇ ਦਰਿਆ ਵਿੱਚ ਆਪਣੀ ਭੂਮਿਕਾ ਨਿਭਾਉਂਦਾ ਹੋਇਆ ਇਸ ਵਿੱਚ ਹੀ ਲੀਨ ਹੋ ਜਾਵਾਂ। ਮੇਰੀਆਂ ਸਾਰੀ ਉਮਰ ਦੀਆਂ ਵਿਉਂਤਬੰਦੀਆਂ ਅਦਬੀ ਨੀ ਹਾਂ ਉਪਰ ਉਸਰੀਆਂ ਹੋਈਆਂ ਹਨ। ਇਸ ਖੇਤਰ ਦੀ ਸੇਵਾ ਖਾਤਰ ਮੈਂ ਸਰਕਾਰੀ ਸੇਵਾ ਵੀ ਤਿਆਗੀ ਅਤੇ ਸੈਨਿਕ ਵਿਭਾਗ ਨੂੰ ਛੱਡ ਕੇ ਵਿਦਿਆ ਵਿਭਾਗ ਨਲਾ ਜੁੜਿਆ। ਸੋ ਇਹ ਪਿਛੇਤੀ ਉਮਰ ਵਿੱਚ ਮੇਰੀ ਇਹ ਤੀਬਰ ਇੱਛਾ ਹੈ ਕਿ ਮੈਂ ਖ਼ੂਬ ਲਿਖਾਂ ਅਤੇ ਮੇਰੇ ਅੰਤਮ ਸੁਆਸ ਸੁਖਨ ਤਰੰਗਾਂ ਵਿੱਚ ਘੁਲ ਮਿਲ ਜਾਣ।

**? ਜਾਂਦੇ ਜਾਂਦੇ ਭਵਿੱਖ ਅਦੀਬਾਂ ਨੂੰ ਕੋਈ ਅਗਵਾਈਆਂ ਭਰਪੂਰ ਸੰਦੇਸ਼ ਦਿੰਦੇ ਜਾਉ?**

- ਸਾਹਿਤਕਾਰ ਜੀਵਨ ਲੀਹਾਂ ਦੀਆਂ ਅਗਵਾਈਆਂ ਦਿੰਦੇ ਹਨ। ਉਹ ਚੰਗੇ ਅਤੇ ਸਾਫ਼-ਸੁਥਰੇ ਸਮਾਜ ਦੇ ਸਿਰਜਕ ਅਤੇ ਦਰਪਣ ਹੁੰਦੇ ਹਨ। ਮੇਰੀ ਇਹ ਵਿਸ਼ੇਸ਼ ਲੋਚਾ ਹੈ ਕਿ ਭਵਿੱਖੀ ਸਾਹਿਤਕ ਚਰਿੱਤਰ ਉਸਾਰੀ ਅਤੇ ਜੀਵਨ ਮੁਖੀ ਅਦਬ ਦੀ ਰਚਨਾ ਕਰਨੀ ਆਪਣਾ ਪ੍ਰਮੁੱਖ ਉਦੇਸ਼ ਰੱਖਣ ਤਾਂ ਜੋ ਸੁਯੋਗ ਗਿਆਨ ਦਾ ਪ੍ਰਵਾਹ ਸਦੀਵੀਂ ਚਲਦਾ ਰਹੇ ਅਤੇ ਆਉਣ ਵਾਲੀਆਂ ਪੁਸਤਾਂ ਵਾਸਤੇ ਉਹ ਮਾਰਗ ਦਰਸ਼ਕ ਬਣੇ ਰਹਿਣ।

ਮੋ. 88724-65400

◆◆◆